ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

Awaze Qaum (ਯੂ. ਕੇ. ਤੋਂ ਪ੍ਰਕਾਸ਼ਿਤ)

https://youtu.be/LQwolgxDu7I

International Daily Newspaper & WEB TV


awazeqaumtvpunjab@gmail.com


ਸੋਮਵਾਰ, 19 ਅਗਸਤ 2024 (ਨਾਨਕਸ਼ਾਹੀ ਸੰਮਤ : ੫੫੬, ੪ ਭਾਦਰੋਂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਨਿਸ਼ਾਨ ਸਾਹਿਬ ਦੇ ਕੇਸਰੀ ਰੰਗ ਨੂੰ ਬਦਲ ਕੇ ਸ਼੍ਰੋਮਣੀ ਕਮੇਟੀ ਨੇ ਸਿੱਖਾਂ ਦੇ ਹਿਰਦਿਆਂ ਨੂੰ ਵਲੂੰਧਰਿਆਂ

# ਅੰਮ੍ਰਿਤ ਸੰਚਾਰ ਜਥੇ ਦੇ ਪੰਜ ਪਿਆਰੇ ਸਿੰਘਾਂ ਵੱਲੋਂ ਜਥੇਦਾਰ ਸ੍ਰੀ ਅਕਾਲ ਤੱਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਨੂੰ ਲਿੱਖਿਆ ਖੁੱਲ੍ਹਾ ਪੱਤਰ

**ਅੰਮ੍ਰਿਤ ਸੰਚਾਰ ਜਥੇ ਦੇ ਪੰਜ ਪਿਆਰੇ ਸਿੰਘਾਂ ਵੱਲੋਂ ਜਥੇਦਾਰ ਸ੍ਰੀ ਅਕਾਲ ਤੱਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਨੂੰ ਖੁੱਲ੍ਹਾ ਪੱਤਰ ਲਿਖਿਆ ਗਿਆ, ਜਿਸ ਨੂੰ ਅਸੀਂ ਇੱਥੇ ਆਪਣੇ ਪਾਠਕਾਂ ਲਈ ਹੂ-ਬ-ਹੂ ਪ੍ਰਕਾਸ਼ਿਤ ਕਰ ਰਹੇ ਹਾਂ।**





ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਜੀਓ

**ਗੁਰੂ ਫਤਿਹ ਪ੍ਰਵਾਨ ਕਰਨੀ ਜੀ**

**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ ਜੀ ॥**

ਅਸੀਂ ਪੁੱਤਰਾਂ ਦੇ ਦਾਨੀ ਸਾਹਿਬ ਸ੍ਰੀ ਗੁਰੂ ਗੋਬਿਦ ਸਿੰਘ ਜੀ ਵੱਲੋਂ ਸਾਜੇ ਸਰਵੋਤਮ ਪੰਜ ਪਿਆਰੇ ਜਿਹਨਾਂ ਨੇ ਹਰ ਅਉਖੀ ਘੜੀ ਵਿੱਚ ਪਿਛਲੇ ਤਿੰਨ ਦਹਾਕਿਆਂ ਤੋਂ ਯੂਰਪ 25 – 30 ਦੇਸ਼ਾਂ ਵਿਚ ਵਿਚਰ ਕੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਰੇ ਗੁਰੂ ਸਾਹਿਬ ਜੀ ਦੇ ਲੜ ਲਾ ਚੁੱਕੇ ਹਾਂ ਸਾਰੇ ਯੂਰਪ ਦੀਆਂ ਸੰਗਤਾਂ ਸਾਡੇ ਸੰਪਰਕ ਵਿੱਚ ਹਨ ਜੋ ਪਿਛਲੇ ਦਿਨਾਂ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਲਏ ਗਏ ਘਾਤਕ ਫੈਸਲੇ ਨਾਲ ਸਹਿਮਤ ਨਹੀਂ ਹਨ।

ਖਾਲਸਾ ਪੰਥ ਦੇ ਕੇਸਰੀ ਰੰਗ ਬਦਲ ਕੇ ਜੋ ਕੌਮ ਦੇ ਗਲ ਬਸੰਤੀ ਰੰਗ ਮੜ੍ਹ ਦਿੱਤਾ ਗਿਆ ਹੈ ਇਸ ਫੈਸਲੇ ਨਾਲ ਦੁਨੀਆਂ ਵਿੱਚ ਵੱਸਦੇ ਹਰ ਸਿੱਖ ਦਾ ਹਿਰਦਾ ਵਲੂੰਧਰਿਆ ਗਿਆ ਹੈ। ਹਰ ਸਿੱਖ ਜਾਣਦਾ ਹੈ ਕਿ ਇਹ ਫੈਸਲਾ ਸਿੱਖਾਂ ਨੂੰ ਭਟਕਾਉਣ ਲਈ ਤੇ

ਆਵਾਜ਼ਿ ਕੌਮ
AWAZE QAUM
International Newspaper & WEB TV

ਬਾਦਲ ਪਰਿਵਾਰ ਨੂੰ ਸਿੱਖ ਗੁਨਾਹਾਂ ਦਾ ਮੁਆਫ਼ੀ ਲਈ ਲਿਆ ਗਿਆ। ਇਹ ਇੱਕ ਬਹੁਤ ਡੂੰਘੀ ਸਜ਼ਿਸ਼, ਭਰਾ ਮਾਰੂ ਜੰਗ ਤੇ ਸਿੱਖੀ ਸਿਧਾਤਾਂ ’ਤੇ ਹੁਣ ਤੱਕ ਦਾ ਸਭ ਤੋਂ ਵੱਡਾ ਹਮਲਾ ਹੈ ਜੋ ਸਿੱਖ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਸਿੰਘ ਸਾਹਿਬ ਜੀ ਬਾਦਲ ਪਰਿਵਾਰ ਦੇ ਪਾਪਾਂ ਦਾ ਘੜਾ ਨੱਕੋ-ਨੱਕ ਭਰ ਗਿਆ ਹੈ। ਉਹਨਾਂ ਨੂੰ ਬਚਾਉਂਦੇ ਬਚਾਉਂਦੇ ਆਪ ਜੀ ਨੇ ਆਪਣੇ ਰੁਤਬੇ ਜੋ ਗੁਰੂ ਸਾਹਿਬ ਜੀ ਨੇ ਤੁਹਾਡੇ ’ਤੇ ਬਖਸ਼ਿਸ਼ ਕਰਕੇ ਬਖਸਿਸ਼ ਕੀਤਾ ਹੈ ਉਸ ਰੁਤਬੇ ਦਾ ਖਿਆਲ ਤੁਸੀਂ ਰੱਖਣਾ ਹੈ। ਇਤਿਹਾਸ ਪਿਛੋਕੜ ਵਿਚ ਦਰਜ ਹੈ। ਪਿਛਲੇ ਸਿੰਘ ਸਾਹਿਬਾਨਾਂ ਜਿਹਨਾਂ ਨੇ ਮਰਿਯਾਦਾ ਦਾ ਘਾਣ ਕੀਤਾ ਹੈ ਉਹਨਾਂ ਦੀ ਜੋ ਦੁਰਦਸ਼ਾ ਹੋਈ ਹੈ ਉਸਤੋਂ ਆਪ ਚੰਗੀ ਤਰਾਂ ਜਾਣੂ ਹੋ। ਸਿੱਖ ਕੌਮ ਨੂੰ ਪਹਿਲਾਂ ਹੀ ਅਜਿਹੇ ਦਿੱਤੇ ਜਖ਼ਮਾਂ ਕਾਰਨ ਡੂੰਘੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਦੁਨੀਆਂ ਦੇ ਕੋਨੇ-ਕੋਨੇ ’ਚ ਬੈਠਿਆ ਸਿੱਖ ਜਾਣ ਚੁੱਕਾ ਹੈ ਕਿ ਬਾਦਲਾਂ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਥੋਪਿਆ ਸਿਆਸੀ ਵਿੰਗ ਅਜਿਹੇ ਫੈਸਲੇ ਲੈਣ ਲਈ ਆਪ ਜੀ ’ਤੇ ਭਾਰੂ ਹੈ। ਇਸੇ ਵਿੰਗ ਨੇ ਪਹਿਲਾਂ ਹੀ ਸਿੰਘ ਸਾਹਿਬਾਨਾਂ ਦੇ ਰੁਤਬਿਆਂ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ’ਤੇ ਡੂੰਘੀ ਸੱਟ ਮਾਰੀ ਹੈ। ਇਸੇ ਵਿੰਗ ਨੇ ਪਹਿਲਾਂ ਵੀ ਸਿੰਘ ਸਾਹਿਬਾਨਾਂ, ਸਿੱਖ ਫੈਡਰੇਸ਼ਨਾਂ, ਸਿੱਖ ਸੰਪਰਦਾਵਾਂ, ਦਮਦਮੀ ਟਕਸਾਲ, ਇੱਥੋਂ ਤੱਕ ਕਿ ਕੁਰਬਾਨੀ ਵਾਲੇ ਪਰਿਵਾਰਾਂ ਤੇ ਸ਼ਹੀਦ ਪਰਿਵਾਰਾਂ ਨੂੰ ਵੀ ਨਿਗਲਿਆ ਹੈ ਤੇ ਹੁਣ ਸਿੱਧਾ ਅਕਾਲ ਤਖ਼ਤ ਦੇ ਸਿਧਾਂਤ ਨੂੰ ਸੱਟ ਮਾਰੀ ਹੈ। ਆਪ ਜੀ ਇਸ ਸਾਰੇ ਸਿਸਟਮ ਤੋਂ ਭਲੀ-ਭਾਂਤ ਜਾਣੂੰ ਹੋ। ਆਪ ਜੀ ਨਾਲ ਵੀ ਆਉਣ ਵਾਲੇ ਸਮੇਂ ਵਿੱਚ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਵਾਲਾ ਵਿਵਹਾਰ ਕੀਤਾ ਜਾਵੇਗਾ ਪਰ ਅਸੀਂ ਗੁਰੂ ਦੇ ਨਿਮਾਣੇ ਸਿੱਖ ਵਿਦੇਸ਼ਾਂ ਵਿੱਚ ਵੱਸਦੀਆਂ ਸਮੂਹ ਸਿੱਖਾਂ ਦੀਆਂ ਭਾਵਨਾਵਾਂ ਨੂੰ ਆਪ ਜੀ ਤੱਕ ਉਜਾਗਰ ਕੀਤਾ ਹੈ। ਆਪ ਜੀ ਦਲੇਰਾਨਾਂ ਫੈਸਲਾ ਕਰਕੇ ਇਸ ਕੇਸਰੀ ਰੰਗ ਬਦਲਣ ’ਤੇ ਮੁੜ ਵਿਚਾਰ ਕਰਕੇ ਸਮੂਹ ਸਿੱਖ ਹਿਤੈਸ਼ੀਆਂ, ਸਿੱਖ ਵਿਦਵਾਨਾਂ, ਸਮੂਹ ਸਿੱਖ ਸੰਪਰਦਾਵਾਂ ਦਾ ਇਕੱਠ ਕਰਕੇ ਇਸ ਫੈਸਲੇ ’ਤੇ ਮੁੜ ਵਿਚਾਰ ਕਰੋ। ਬਾਦਲ ਪਰਿਵਾਰ ਨੂੰ ਬੱਜਰ ਗੁਨਾਹਾਂ, ਪਾਪਾਂ ਤੇ ਸਿੱਖਾਂ ਨਾਲ ਕੀਤੇ ਪਿਛਲੇ ਤਿੰਨ ਦਹਾਕਿਆਂ ਤੇ ਗਦਾਰੀਆਂ ਦਾ ਲੇਖਾ-ਜੋਖਾ ਤੇ ਵਿਦੇਸ਼ੀ ਸਿੱਖਾਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਅਸੀਂ ਅਗਲੀ ਮੀਟਿੰਗ ਵਿੱਚ ਵਿਸਥਾਰ ਨਾਲ ਦੱਸਾਂਗੇ। ਭੁੱਲਾਂ-ਚੁੱਕਾਂ ਦੀ ਖਿਮਾ। ਗੁਰੂ ਪੰਥ ਦੇ ਦਾਸ

**ਪੰਜ ਪਿਆਰੇ ਸਾਹਿਬਾਨ**

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਸੋਮਵਾਰ, 19 ਅਗਸਤ 2024 (ਨਾਨਕਸ਼ਾਹੀ ਸੰਮਤ : ੫੫੬, ੪ ਭਾਦਰੋਂ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਕੋਲਕਾਤਾ ਰੇਪ-ਕਤਲ ਮਾਮਲੇ ’ਚ ਸੁਪਰੀਮ ਕੋਰਟ ਨੇ ਲਿਆ ਨੋਟਿਸ, ਅੱਜ ਹੋਵੇਗੀ ਸੁਣਵਾਈ

**ਨਵੀਂ ਦਿੱਲੀ, 18 ਅਗਸਤ (ਆਵਾਜ਼ਿ ਕੌਮ ਬਿਊਰੋ)**-ਸੁਪਰੀਮ ਕੋਰਟ ਨੇ ਕੋਲਕਾਤਾ ਦੇ ਆਰਜੀ ਕਾਰ ਹਸਪਤਾਲ ਵਿੱਚ ਇੱਕ ਸਿਖਿਆਰਥੀ ਡਾਕਟਰ ਨਾਲ ਬਲਾਤਕਾਰ ਅਤੇ ਹੱਤਿਆ ਦੇ ਮਾਮਲੇ ਵਿੱਚ ਖੁਦ ਨੋਟਿਸ ਲਿਆ ਹੈ। ਸੀਜੇਆਈ ਡੀਵਾਈ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਮੰਗਲਵਾਰ ਨੂੰ ਇਸ ਮਾਮਲੇ ਦੀ ਸੁਣਵਾਈ ਕਰੇਗੀ। ਦੱਸਣਯੋਗ ਹੈ ਕਿ ਪੋਸਟ-ਗ੍ਰੈਜੂਏਟ ਟ੍ਰੇਨੀ ਮਹਿਲਾ ਡਾਕਟਰ ਦੀ ਲਾਸ਼ 9 ਅਗਸਤ ਨੂੰ ਹਸਪਤਾਲ ਦੇ ਸੈਮੀਨਾਰ ਹਾਲ ਵਿਚੋਂ ਮਿਲੀ ਸੀ। ਇਸ ਮਾਮਲੇ ਵਿਚ ਅਗਲੇ ਦਿਨ ਇਕ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਜੂਨੀਅਰ ਡਾਕਟਰਾਂ ਦੀ ਮੰਗ ਹੈ ਕਿ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਸਜ਼ਾ ਦਿੱਤੀ ਜਾਵੇ ਅਤੇ ਪੀੜਤਾ ਦੀ ਪੋਸਟਮਾਰਟਮ ਰਿਪੋਰਟ ਜਨਤਕ ਕੀਤੀ ਜਾਵੇ। 13 ਅਗਸਤ ਨੂੰ ਕਲਕੱਤਾ ਹਾਈ ਕੋਰਟ ਨੇ ਮਾਮਲੇ ਦੀ ਜਾਂਚ ਕੋਲਕਾਤਾ ਪੁਲਸ ਤੋਂ ਕੇਂਦਰੀ ਜਾਂਚ ਬਿਊਰੋ (ਸੀ. ਬੀ. ਆਈ) ਨੂੰ ਸੌਂਪਣ ਦਾ ਹੁਕਮ ਦਿੱਤਾ ਸੀ। ਸੀ. ਬੀ. ਆਈ ਨੇ 14 ਅਗਸਤ ਤੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਸੀ। ਇਸ ਦੌਰਾਨ ਪੱਛਮੀ ਬੰਗਾਲ ਸਰਕਾਰ ਨੇ ਕੰਮ ਵਾਲੀਆਂ ਥਾਵਾਂ, ਖਾਸ ਕਰਕੇ ਸਰਕਾਰੀ ਹਸਪਤਾਲਾਂ ਜਿੱਥੇ ਉਨ੍ਹਾਂ ਨੂੰ ਰਾਤ ਦੀਆਂ ਸ਼ਿਫਟਾਂ ’ਚ ਵੀ ਕੰਮ ਕਰਨਾ ਪੈਂਦਾ ਹੈ, ਵਿੱਚ ਔਰਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਈ ਕਦਮਾਂ ਦਾ ਐਲਾਨ ਕੀਤਾ ਹੈ।

### ਮੁਲਜ਼ਮ ਗ੍ਰਿਫ਼ਤਾਰ, ਬਾਕੀਆਂ ਦੀ ਭਾਲ ਜਾਰੀ

# ਅੰਮ੍ਰਿਤਸਰ ਏਅਰਪੋਰਟ ਨੂੰ ਬੰਬ ਨਾਲ ਉਡਾਉਣ ਦੀ ਧਮਕੀ



**ਅੰਮ੍ਰਿਤਸਰ, 18 ਅਗਸਤ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਦੇ ਸ਼੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਸ਼ਨੀਵਾਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਪੁਲਿਸ ਨੇ 24 ਘੰਟਿਆਂ ਵਿੱਚ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ। ਅੰਮ੍ਰਿਤਸਰ ਪੁਲਿਸ ਦੀ ਟੀਮ ਨੇ ਫ਼ਿਰੋਜ਼ਪੁਰ ਤੋਂ ਗੁਰਦੇਵ ਸਿੰਘ ਨਾਂਅ ਦੇ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਹੈ, ਜਦਕਿ ਉਸ ਦੇ ਨਾਮਜ਼ਦ ਕੀਤੇ ਦੋ ਹੋਰ ਦੋਸ਼ੀਆਂ ਦੀ ਭਾਲ ਜਾਰੀ ਹੈ। ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਧਮਕੀ ਈਮੇਲ ਰਾਹੀਂ ਅੰਮ੍ਰਿਤਸਰ ਏਅਰਪੋਰਟ ਨੂੰ ਦਿੱਤੀ ਗਈ ਸੀ। ਈਮੇਲ ਅੰਮ੍ਰਿਤਸਰ ਏਅਰਪੋਰਟ ਅਥਾਰਟੀ ਨੂੰ ਭੇਜੀ ਗਈ ਸੀ। ਈਮੇਲ ਵਿੱਚ ਮੁਲਜ਼ਮਾਂ ਨੇ ਹਵਾਈ ਅੱਡੇ ਵਿੱਚ ਵੱਖ-ਵੱਖ ਥਾਵਾਂ ’ਤੇ ਕੁੱਲ 6 ਬੰਬ ਰੱਖਣ ਦਾ ਦਾਅਵਾ ਕੀਤਾ ਸੀ। ਮੁਲਜ਼ਮਾਂ ਨੇ ਕਿਹਾ ਕਿ ਉਨ੍ਹਾਂ ਨੂੰ 1 ਕਰੋੜ ਰੁਪਏ ਦਿੱਤੇ ਜਾਣ, ਨਹੀਂ ਤਾਂ ਉਹ ਏਅਰਪੋਰਟ ਨੂੰ ਬੰਬ ਨਾਲ ਉਡਾ ਦੇਣਗੇ। ਈਮੇਲ ਵਿੱਚ ਦਿੱਤੀ ਗਈ ਜਾਣਕਾਰੀ ਅੰਮ੍ਰਿਤਸਰ ਪੁਲਿਸ ਨਾਲ ਸਾਂਝੀ ਕੀਤੀ ਗਈ। ਜਿਸ ਤੋਂ ਬਾਅਦ ਅੰਮ੍ਰਿਤਸਰ ਪੁਲਿਸ ਦਾ ਸਾਈਬਰ ਵਿਭਾਗ ਸਰਗਰਮ ਹੋ ਗਿਆ। ਅੰਮ੍ਰਿਤਸਰ ਪੁਲਿਸ ਦੀ ਸਾਈਬਰ ਕ੍ਰਾਈਮ ਟੀਮ ਨੇ ਈਮੇਲ ਭੇਜਣ ਵਾਲੇ ਵਿਅਕਤੀ ਦੀ ਭਾਲ ਸ਼ੁਰੂ ਕਰ ਦਿੱਤੀ ਹੈ। IP ਐਡਰੈੱਸ ਤੋਂ ਮੁਲਜ਼ਮ ਬਾਰੇ ਜਾਣਕਾਰੀ ਹਾਸਲ ਕੀਤੀ ਗਈ। ਮੁਲਜ਼ਮ ਦੀ ਪਛਾਣ ਗੁਰਦੇਵ ਸਿੰਘ ਵਾਸੀ ਫ਼ਿਰੋਜ਼ਪੁਰ ਵਜੋਂ ਹੋਈ ਹੈ। ਪੁੱਛਗਿੱਛ ਦੌਰਾਨ ਮੁਲਜ਼ਮ ਨੇ ਪੁਲਿਸ ਨੂੰ ਦੋ ਹੋਰ ਮੁਲਜ਼ਮਾਂ ਬਾਰੇ ਦੱਸਿਆ। ਪੁਲਿਸ ਉਨ੍ਹਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪੁਲਿਸ ਕਮਿਸ਼ਨਰ ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਗੁਰਦੇਵ ਨੂੰ ਹਿਰਾਸਤ ਵਿੱਚ ਲੈ ਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ। ਅਦਾਲਤ ਨੇ ਮੁਲਜ਼ਮ ਗੁਰਦੇਵ ਨੂੰ ਤਿੰਨ ਦਿਨਾਂ ਦੇ ਪੁਲੀਸ ਰਿਮਾਂਡ ’ਤੇ ਭੇਜ ਦਿੱਤਾ ਹੈ।

## ਸੰਯੁਕਤ ਰਾਸ਼ਟਰ ਦੀ ਪਹਿਲ : ਸਾਈਬਰ ਅਪਰਾਧ ਨੂੰ ਰੋਕਣ ਲਈ ਇਕਜੁੱਟ ਹੋ ਰਹੇ ਦੁਨੀਆ ਭਰ ਦੇ ਦੇਸ਼

**ਨਵੀਂ ਦਿੱਲੀ, 18 ਅਗਸਤ (ਆਵਾਜ਼ਿ ਕੌਮ ਬਿਊਰੋ)**-ਵਧਦੇ ਸਾਈਬਰ ਅਪਰਾਧਾਂ ਨੂੰ ਰੋਕਣ ਲਈ ਹੁਣ ਦੁਨੀਆ ਦੇ ਕਈ ਦੇਸ਼ ਇਕਜੁੱਟ ਹੋ ਗਏ ਹਨ। ਸੰਯੁਕਤ ਰਾਸ਼ਟਰ ਦੀ ਪਹਿਲਕਦਮੀ ’ਤੇ ਇਕ ਸਾਈਬਰ ਕ੍ਰਾਈਮ ਕਨਵੈਨਸ਼ਨ ਦਾ ਖਰੜਾ ਤਿਆਰ ਕੀਤਾ ਗਿਆ ਹੈ, ਜਿਸ ਨੂੰ ਹਾਲ ਹੀ ਵਿਚ ਮਨਜ਼ੂਰੀ ਦਿੱਤੀ ਗਈ ਹੈ। ਇਸ ਸੰਧੀ ਦੇ ਖਰੜੇ ਵਿੱਚ ਜਾਂਚ ਏਜੰਸੀਆਂ ਨੂੰ ਨਵੀਆਂ ਸ਼ਕਤੀਆਂ ਦੇਣ ਅਤੇ ਅੰਤਰਰਾਸ਼ਟਰੀ ਤਾਲਮੇਲ ਵਧਾਉਣ ਦੇ ਪ੍ਰਸਤਾਵ ਸ਼ਾਮਲ ਹਨ। ਹੁਣ ਇਹ ਖਰੜਾ ਤਿੰਨ ਮਹੀਨਿਆਂ ਬਾਅਦ ਹੋਣ ਵਾਲੀ ਸੰਯੁਕਤ ਰਾਸ਼ਟਰ ਮਹਾਸਭਾ ’ਚ ਪੇਸ਼ ਕੀਤਾ ਜਾਵੇਗਾ, ਜਿੱਥੇ ਇਸ ਦੇ ਪਾਸ ਹੋਣ ਦੀ ਪੂਰੀ ਸੰਭਾਵਨਾ ਹੈ। ਹਾਲਾਂਕਿ, ਬਹੁਤ ਸਾਰੇ ਮਨੁੱਖੀ ਅਧਿਕਾਰ ਕਾਰਕੁਨ, ਤਕਨੀਕੀ ਕੰਪਨੀਆਂ, ਅਕਾਦਮਿਕ ਸੰਸਥਾਵਾਂ, ਉਦਯੋਗਿਕ ਸੰਸਥਾਵਾਂ ਅਤੇ ਹੋਰ ਸੰਧੀ ਦਾ ਵਿਰੋਧ ਕਰ ਰਹੇ ਹਨ। ਉਹ ਚਿੰਤਤ ਹਨ ਕਿ ਸਰਕਾਰਾਂ ਨਾਗਰਿਕਾਂ ਦੀ ਨਿਗਰਾਨੀ ਕਰਨ ਲਈ ਸੰਧੀ ਦੀ ਵਰਤੋਂ ਕਰ ਸਕਦੀਆਂ ਹਨ, ਵਿਅਕਤੀਗਤ ਆਜ਼ਾਦੀਆਂ ਨੂੰ ਖਤਰੇ ਵਿੱਚ ਪਾ ਸਕਦੀਆਂ ਹਨ। ਸੰਯੁਕਤ ਰਾਸ਼ਟਰ ਦੀ ਸਾਈਬਰ ਕ੍ਰਾਈਮ ਕਾਨਫਰੰਸ ਨੇ ਦੋ ਹਫ਼ਤਿਆਂ ਦੀ ਵਿਚਾਰ-ਵਟਾਂਦਰੇ ਤੋਂ ਬਾਅਦ ਸਾਈਬਰ ਅਪਰਾਧ ਸੰਧੀ ਦੇ ਖਰੜੇ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ। ਇਸ ਸੰਧੀ ’ਤੇ ਪਿਛਲੇ ਤਿੰਨ ਸਾਲਾਂ ਤੋਂ ਕੰਮ ਚੱਲ ਰਿਹਾ ਸੀ। ਇਸ ਦਾ ਮੁੱਖ ਉਦੇਸ਼ ਸਾਈਬਰ ਅਪਰਾਧਾਂ ਨੂੰ ਵਧੇਰੇ ਕੁਸ਼ਲਤਾ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਰੋਕਣਾ ਹੈ। ਸਾਈਬਰ ਕ੍ਰਾਈਮ ਸੰਧੀ ਦੇ ਤਹਿਤ ਦੇਸ਼ਾਂ ਨੂੰ ਕੁਝ ਨਵੇਂ ਕਾਨੂੰਨ ਬਣਾਉਣ ਦੀ ਲੋੜ ਹੋਵੇਗੀ। ਇਹ ਕਾਨੂੰਨ ਹੇਠ ਲਿਖੇ ਅਨੁਸਾਰ ਹਨ: ਗੈਰ-ਜਨਤਕ ਡੇਟਾ ਦੀ ਸੁਰੱਖਿਆ: ਦੇਸ਼ਾਂ ਨੂੰ ਅਜਿਹੇ ਕਾਨੂੰਨ ਬਣਾਉਣੇ ਚਾਹੀਦੇ ਹਨ ਜੋ ਬਿਨਾਂ ਇਜਾਜ਼ਤ ਦੇ ਗੈਰ-ਜਨਤਕ ਡੇਟਾ ਨੂੰ ਕੈਪਚਰ ਕਰਨਾ ਗੈਰ-ਕਾਨੂੰਨੀ ਬਣਾਉਂਦੇ ਹਨ। ਇਸ ਤੋਂ ਇਲਾਵਾ ਡਾਟਾ ਨੂੰ ਅਣਅਧਿਕਾਰਤ ਤਰੀਕੇ ਨਾਲ ਨੁਕਸਾਨ ਪਹੁੰਚਾਉਣਾ, ਮਿਟਾਉਣ, ਤਬਦੀਲੀ ਜਾਂ ਦਬਾਉਣ ਨੂੰ ਵੀ ਗੈਰ-ਕਾਨੂੰਨੀ ਮੰਨਿਆ ਜਾਵੇਗਾ। ਸਾਈਬਰ ਅਪਰਾਧਾਂ ਵਿੱਚ ਵਰਤੇ ਜਾਣ ਵਾਲੇ ਯੰਤਰਾਂ ’ਤੇ ਪਾਬੰਦੀ: ਦੇਸ਼ਾਂ ਨੂੰ ਅਜਿਹੇ ਕਾਨੂੰਨ ਬਣਾਉਣੇ ਚਾਹੀਦੇ ਹਨ ਜੋ ਸਾਈਬਰ ਅਪਰਾਧਾਂ ਵਿੱਚ ਵਰਤੇ ਜਾਂਦੇ ਉਪਕਰਨਾਂ ਦੇ ਉਤਪਾਦਨ, ਆਯਾਤ, ਵਿਕਰੀ ਜਾਂ ਖਰੀਦ ’ਤੇ ਪਾਬੰਦੀ ਲਗਾਉਂਦੇ ਹਨ। ਇਸ ਦੇ ਤਹਿਤ ਹੈਕਿੰਗ ਲਈ ਪਾਸਵਰਡ ਅਤੇ ਲਾਗਇਨ ਜਾਣਕਾਰੀ ਦੀ ਖਰੀਦੋ-ਫਰੋਖਤ ਨੂੰ ਵੀ ਗੈਰ-ਕਾਨੂੰਨੀ ਕਰਾਰ ਦਿੱਤਾ ਜਾਵੇਗਾ।

## ‘ਸੀਏਏ ਤਹਿਤ 188 ਪਾਕਿਸਤਾਨੀ ਹਿੰਦੂਆਂ ਨੂੰ ਮਿਲੀ ਭਾਰਤੀ ਨਾਗਰਿਕਤਾ’



**ਅਹਿਮਦਾਬਾਦ, 18 ਅਗਸਤ (ਆਵਾਜ਼ਿ ਕੌਮ ਬਿਊਰੋ)**-ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਤਵਾਰ ਨੂੰ ਨਾਗਰਿਕਤਾ ਸੋਧ ਐਕਟ (CAA) ਤਹਿਤ 188 ਪਾਕਿਸਤਾਨੀ ਹਿੰਦੂਆਂ ਨੂੰ ਭਾਰਤੀ ਨਾਗਰਿਕਤਾ ਪ੍ਰਦਾਨ ਕੀਤੀ। ਇਸ ਦੌਰਾਨ ਉਨ੍ਹਾਂ ਨੇ ਅਹਿਮਦਾਬਾਦ ਵਿਚ ਆਯੋਜਿਤ ਇਕ ਪ੍ਰੋਗਰਾਮ ’ਚ ਉਨ੍ਹਾਂ ਨੇ ਲੋਕਾਂ ਨੂੰ ਸੰਬੋਧਨ ਵੀ ਕੀਤਾ। ਸ਼ਾਹ ਨੇ ਕਿਹਾ ਕਿ ਇਹ ਪਲ ਪਾਕਿਸਤਾਨ ’ਚ ਧਾਰਮਿਕ ਅੱਤਿਆਚਾਰ ਤੋਂ ਬਚਣ ਮਗਰੋਂ ਭਾਰਤ ਵਿਚ ਸ਼ਰਨ ਲੈਣ ਵਾਲਿਆਂ ਲਈ ਵੱਡੀ ਰਾਹਤ ਲੈ ਕੇ ਆਇਆ ਹੈ। ਸਰਕਾਰ ਗੁਆਂਢੀ ਦੇਸ਼ਾਂ ਦੇ ਹਿੰਦੂਆਂ, ਜੈਨੀਆਂ, ਬੋਧ ਅਤੇ ਸਿੱਖਾਂ ਸਮੇਤ ਘੱਟ ਗਿਣਤੀਆਂ ਨੂੰ ਨਾਗਰਿਕਤਾ ਪ੍ਰਦਾਨ ਕਰਨ ਲਈ ਸੰਕਲਪਬੱਧ ਹੈ। ਅਸੀਂ 2019 ਵਿਚ CAA ਲੈ ਕੇ ਆਏ। CAA ਤੋਂ ਕਰੋੜਾਂ ਹਿੰਦੂ, ਜੈਨ ਅਤੇ ਸਿੱਖ ਧਰਮ ਦੇ ਲੋਕਾਂ ਨੂੰ ਨਾਗਰਿਕਤਾ ਮਿਲੇਗੀ। ਸ਼ਾਹ ਨੇ ਅੱਗੇ ਕਿਹਾ ਕਿ ਮੈਂ ਇਨ੍ਹਾਂ ਪਰਿਵਾਰਾਂ ਨੂੰ ਵਧਾਈ ਦਿੰਦਾ ਹਾਂ, ਜਿਨ੍ਹਾਂ ਨੂੰ ਨਾਗਰਿਕਤਾ ਮਿਲੀ ਹੈ। ਮੈਨੂੰ ਹੋਰ ਵੀ ਖੁਸ਼ੀ ਹੈ ਕਿ ਇਹ ਗੁਜਰਾਤ ਵਿਚ ਹੋ ਰਿਹਾ ਹੈ। CAA ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰ ਅਤੇ ਨਿਆਂ ਦਿਵਾਉਣ ਦੀ ਪਹਿਲ ਹੈ। ਕਾਂਗਰਸ ਪਾਰਟੀ ਨੇ 2014 ਤੱਕ ਲੋਕਾਂ ਨੂੰ ਉਨ੍ਹਾਂ ਦੇ ਅਧਿਕਾਰ ਨਹੀਂ ਦਿੱਤੇ। ਦੱਸ ਦੇਈਏ ਕਿ ਗੁਜਰਾਤ ਸਰਕਾਰ ਨੇ ਹੁਣ ਤੱਕ CAA ਤਹਿਤ ਅਹਿਮਦਾਬਾਦ ਜ਼ਿਲ੍ਹੇ ਦੇ 1,167 ਲੋਕਾਂ ਨੂੰ ਭਾਰਤੀ ਨਾਗਰਿਕਤਾ ਦਿੱਤੀ ਹੈ। CAA ਦਾ ਇਤਿਹਾਸਕ ਸੰਦਰਭ ਦਿੰਦੇ ਹੋਏ ਸ਼ਾਹ ਨੇ ਕਿਹਾ ਕਿ ਕਰੋੜਾਂ ਭਾਰਤੀ ਧਰਮ ਦੇ ਆਧਾਰ ’ਤੇ ਵੰਡ ਦੌਰਾਨ ਹੋਈਆਂ ਸਮੱਸਿਆਵਾਂ ਨੂੰ ਨਹੀਂ ਭੁੱਲ ਸਕਦੇ। ਕਾਂਗਰਸ ਨੇ ਆਪਣੇ ਵੋਟ ਬੈਂਕ ਨੂੰ ਖੁਸ਼ ਕਰਨ ਲਈ ਲੋਕਾਂ ਨੂੰ ਨਾਗਰਿਕਤਾ ਨਹੀਂ ਦਿੱਤੀ। ਸਾਡਾ ਇਤਿਹਾਸ ਇਸ ਨੂੰ ਹਮੇਸ਼ਾ ਯਾਦ ਰੱਖੇਗਾ। CAA ਇਨ੍ਹਾਂ ਲੋਕਾਂ ਦੀ ਸੁਰੱਖਿਆ ਲਈ ਹੈ। ਪਹਿਲਾਂ ਇਸ ਕਾਨੂੰਨ ਖਿਲਾਫ਼ ਕਈ ਲੋਕਾਂ ਨੂੰ ਭੜਕਾਇਆ ਗਿਆ ਸੀ। ਕਿਸੇ ਨੂੰ ਵੀ ਆਪਣੀ ਨਾਗਰਿਕਤਾ ਨਹੀਂ ਛੱਡਣੀ ਪਵੇਗੀ। ਤੁਹਾਡੀ ਨੌਕਰੀ, ਘਰ ਅਤੇ ਨਾਗਰਿਕਤਾ ਸੁਰੱਖਿਅਤ ਹਨ। ਅਮਿਤ ਸ਼ਾਹ ਨੇ ਕਿਹਾ ਕਿ CAA ਨੂੰ ਲੈ ਕੇ ਮੁਸਲਮਾਨਾਂ ਨੂੰ ਭੜਕਾਇਆ ਗਿਆ। ਮੈਂ ਆਪਣੇ ਮੁਸਲਿਮ ਭਰਾਵਾਂ ਅਤੇ ਭੈਣਾਂ ਨੂੰ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਇਹ ਕਿਸੇ ਦੀ ਨਾਗਰਿਕਤਾ ਖੋਹਣ ਲਈ ਨਹੀਂ ਸਗੋਂ ਉਨ੍ਹਾਂ ਨੂੰ ਨਾਗਰਿਕਤਾ ਦੇਣ ਲਈ ਹੈ।

## ਮਾਨਸੂਨ ਦੇ ਆਉਣ ਤੋਂ ਬਾਅਦ ਮੀਂਹ ਸਬੰਧੀ ਘਟਨਾਵਾਂ ’ਚ 31 ਲੋਕਾਂ ਦੀ ਮੌਤ

**ਸ਼ਿਮਲਾ, 18 ਅਗਸਤ (ਆਵਾਜ਼ਿ ਕੌਮ ਬਿਊਰੋ)**-ਹਿਮਾਚਲ ਪ੍ਰਦੇਸ਼ ਵਿਚ ਇਸ ਵਾਰ ਮਾਨਸੂਨ ਦੌਰਾਨ 27 ਜੂਨ ਤੋਂ 16 ਅਗਸਤ ਦਰਮਿਆਨ ਬੱਦਲ ਫਟਣ ਅਤੇ ਹੜ੍ਹ ਆਉਣ ਦੀਆਂ 51 ਘਟਨਾਵਾਂ ਵਿਚ 31 ਲੋਕਾਂ ਦੀ ਮੌਤ ਹੋ ਗਈ ਹੈ। ਸਟੇਟ ਐਮਰਜੈਂਸੀ ਆਪਰੇਸ਼ਨ ਸੈਂਟਰ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਮਾਨਸੂਨ 27 ਜੂਨ ਨੂੰ ਹਿਮਾਚਲ ਪ੍ਰਦੇਸ਼ ਪਹੁੰਚ ਗਿਆ ਸੀ। ਸਟੇਟ ਐਮਰਜੈਂਸੀ ਆਪ੍ਰੇਸ਼ਨ ਸੈਂਟਰ ਦੇ ਅਨੁਸਾਰ ਹਿਮਾਚਲ ਪ੍ਰਦੇਸ਼ ਵਿੱਚ 27 ਜੂਨ ਤੋਂ 16 ਅਗਸਤ ਦਰਮਿਆਨ ਬੱਦਲ ਫਟਣ ਅਤੇ ਅਚਾਨਕ ਹੜ੍ਹਾਂ ਦੀਆਂ 51 ਘਟਨਾਵਾਂ ਵਿੱਚ 31 ਲੋਕਾਂ ਦੀ ਮੌਤ ਹੋ ਗਈ ਅਤੇ 33 ਲਾਪਤਾ



ਹੋ ਗਏ। ਲਾਹੌਲ ਅਤੇ ਸਪਿਤੀ ਵਿੱਚ 22 ਅਜਿਹੀਆਂ ਘਟਨਾਵਾਂ ਹੋਈਆਂ, ਜੋ ਕਿ ਰਾਜ ਵਿੱਚ ਸਭ ਤੋਂ ਵੱਧ ਹਨ। ਇਸ ਤੋਂ ਬਾਅਦ ਕਿਨੌਰ ਵਿੱਚ 11, ਊਨਾ ਵਿੱਚ ਛੇ, ਕੁੱਲੂ ਅਤੇ ਮੰਡੀ ਵਿੱਚ ਤਿੰਨ-ਤਿੰਨ, ਸਿਰਮੌਰ ਵਿੱਚ ਦੋ ਅਤੇ ਚੰਬਾ, ਹਮੀਰਪੁਰ, ਸ਼ਿਮਲਾ ਅਤੇ ਸੋਲਨ ਜ਼ਿਲ੍ਹਿਆਂ ਵਿੱਚ ਇੱਕ-ਇੱਕ ਘਟਨਾਵਾਂ ਵਾਪਰੀਆਂ। ਅੰਕੜਿਆਂ ਅਨੁਸਾਰ ਮੀਂਹ ਨਾਲ ਸਬੰਧਤ ਘਟਨਾਵਾਂ ’ਚ 121 ਘਰ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ ’ਤੇ ਨੁਕਸਾਨੇ ਗਏ। ਰਾਜ ਦੇ ਐਮਰਜੈਂਸੀ ਆਪ੍ਰੇਸ਼ਨ ਸੈਂਟਰ ਨੇ ਕਿਹਾ ਕਿ ਇਸੇ ਸਮੇਂ ਦੌਰਾਨ 35 ਜ਼ਮੀਨ ਖਿਸਕਣ ਕਾਰਨ ਤਿੰਨ ਲੋਕਾਂ ਦੀ ਮੌਤ ਹੋ ਗਈ। ਜ਼ਮੀਨ ਖਿਸਕਣ ਦੀਆਂ ਸਭ ਤੋਂ ਵੱਧ ਨੌਂ ਘਟਨਾਵਾਂ ਮੰਡੀ ਵਿੱਚ ਵਾਪਰੀਆਂ। ਕਿਨੌਰ ਅਤੇ ਸ਼ਿਮਲਾ ਵਿੱਚ ਛੇ-ਛੇ, ਲਾਹੌਲ, ਸਪਿਤੀ ਅਤੇ ਚੰਬਾ ਵਿੱਚ ਚਾਰ-ਚਾਰ, ਸੋਲਨ ਵਿੱਚ ਤਿੰਨ, ਕੁੱਲੂ ਵਿੱਚ ਦੋ ਅਤੇ ਬਿਲਾਸਪੁਰ ਵਿੱਚ ਢਿੱਗਾਂ ਡਿੱਗਣ ਦੀ ਇੱਕ ਘਟਨਾ ਵਾਪਰੀ। ਹੋਰ ਜ਼ਿਲ੍ਹਿਆਂ ਲਈ ਡੇਟਾ ਉਪਲਬਧ ਨਹੀਂ ਸੀ। ਹਾਲਾਂਕਿ, ਕਈ ਜ਼ਿਲ੍ਹਿਆਂ ਦੇ ਲੋਕਾਂ ਨੇ ਦਾਅਵਾ ਕੀਤਾ ਹੈ ਕਿ ਬੱਦਲ ਫਟਣ, ਹੜ੍ਹਾਂ ਅਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਦੀ ਗਿਣਤੀ ਸਰਕਾਰੀ ਗਿਣਤੀ ਤੋਂ ਕਿਤੇ ਵੱਧ ਹੈ। ਇਸ ਦੌਰਾਨ ਸਟੇਟ ਐਮਰਜੈਂਸੀ ਆਪ੍ਰੇਸ਼ਨ ਸੈਂਟਰ ਨੇ ਕਿਹਾ ਕਿ ਰਾਜ ਦੇ ਕੁਝ ਹਿੱਸਿਆਂ ਵਿੱਚ ਹਲਕੀ ਬਾਰਿਸ਼ ਜਾਰੀ ਰਹੀ ਅਤੇ ਐਤਵਾਰ ਸਵੇਰੇ 95 ਸੜਕਾਂ ਬੰਦ ਕਰ ਦਿੱਤੀਆਂ ਗਈਆਂ। ਦੱਸਿਆ ਗਿਆ ਕਿ ਕੁੱਲੂ ਵਿੱਚ 33, ਮੰਡੀ ਅਤੇ ਸ਼ਿਮਲਾ ਵਿੱਚ 23-23, ਕਾਂਗੜਾ ਵਿੱਚ 10, ਚੰਬਾ ਅਤੇ ਕਿਨੌਰ ਵਿੱਚ ਦੋ-ਦੋ ਅਤੇ ਹਮੀਰਪੁਰ ਅਤੇ ਊਨਾ ਵਿੱਚ ਇੱਕ-ਇੱਕ ਸੜਕ ਬੰਦ ਹੈ। ਇਸ ’ਚ ਕਿਹਾ ਗਿਆ ਹੈ ਕਿ ਮੀਂਹ ਨਾਲ ਸਬੰਧਤ ਘਟਨਾਵਾਂ ਕਾਰਨ 47 ਬਿਜਲੀ ਅਤੇ 35 ਜਲ ਸਪਲਾਈ ਸਕੀਮਾਂ ਵੀ ਪ੍ਰਭਾਵਿਤ ਹੋਈਆਂ ਹਨ। ਅਧਿਕਾਰੀਆਂ ਮੁਤਾਬਕ ਹਿਮਾਚਲ ਪ੍ਰਦੇਸ਼ ਨੂੰ ਹੁਣ ਤੱਕ 1,140 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ, ਜਿਸ ਵਿੱਚੋਂ ਸਭ ਤੋਂ ਵੱਧ ਨੁਕਸਾਨ ਸੜਕੀ ਢਾਂਚੇ ਨੂੰ ਹੋਇਆ ਹੈ। ਲੋਕ ਨਿਰਮਾਣ ਵਿਭਾਗ ਨੂੰ 502 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ, ਇਸ ਤੋਂ ਬਾਅਦ ਜਲ ਸ਼ਕਤੀ ਵਿਭਾਗ ਨੂੰ 469 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ ਜਦਕਿ ਬਾਗਬਾਨੀ ਵਿਭਾਗ ਨੂੰ 139 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਸਥਾਨਕ ਮੌਸਮ ਵਿਭਾਗ ਨੇ 21 ਅਗਸਤ ਤੱਕ ਸੂਬੇ ਦੀਆਂ ਵੱਖ-ਵੱਖ ਥਾਵਾਂ ’ਤੇ ਭਾਰੀ ਮੀਂਹ ਲਈ ‘ਯੈਲੋ ਅਲਰਟ’ ਜਾਰੀ ਕੀਤਾ ਹੈ।

## ਲੰਡਨ ’ਚ Air India ਦੇ ਕੈਬਿਨ ਕਰੂ ਮੈਂਬਰ ’ਤੇ ਹਮਲਾ, ਜਾਂਚ ’ਚ ਜੁਟੀ ਪੁਲਸ

**ਲੰਡਨ, 18 ਅਗਸਤ (ਆਵਾਜ਼ਿ ਕੌਮ ਬਿਊਰੋ)**-ਲੰਡਨ ’ਚ ਏਅਰ ਇੰਡੀਆ ਦੇ ਕੈਬਿਨ ਕਰੂ ਮੈਂਬਰ ’ਤੇ ਹਮਲਾ ਹੋਣ ਦੀ ਖਬਰ ਹੈ। ਕੁਝ ਰਿਪੋਰਟਾਂ ਇਹ ਵੀ ਕਹਿੰਦੀਆਂ ਹਨ ਕਿ ਕੈਬਿਨ ਕਰੂ ਨਾਲ ਬਲਾਤਕਾਰ ਕੀਤਾ ਗਿਆ ਸੀ। ਹਾਲਾਂਕਿ ਲੰਡਨ ਪੁਲਸ ਵੱਲੋਂ ਇਸ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਏਅਰਲਾਈਨ ਵੱਲੋਂ ਕੋਈ ਅਧਿਕਾਰਤ ਜਾਣਕਾਰੀ ਨਹੀਂ ਆਈ ਹੈ। ਇਹ ਘਟਨਾ ਲੰਡਨ ਦੇ ਇੱਕ ਮਸ਼ਹੂਰ ਹੋਟਲ ਚੇਨ ਦੇ ਇੱਕ



ਕਮਰੇ ਵਿੱਚ ਵਾਪਰੀ। ਏਅਰ ਇੰਡੀਆ ਨੇ ਘਟਨਾ ਦੀ ਪੁਸ਼ਟੀ ਕੀਤੀ ਹੈ ਅਤੇ ਕਿਹਾ ਹੈ ਕਿ ਕਰਮਚਾਰੀ ’ਤੇ ਸਰੀਰਕ ਤੌਰ ’ਤੇ ਹਮਲਾ ਕੀਤਾ ਗਿਆ ਸੀ। ਸ਼ਨੀਵਾਰ ਦੇਰ ਰਾਤ ਏਅਰ ਇੰਡੀਆ ਨੇ ਲੰਡਨ ਦੇ ਇਕ ਹੋਟਲ ’ਚ ਗੈਰ-ਕਾਨੂੰਨੀ ਘੁਸਪੈਠ ਦੀ ਘਟਨਾ ’ਤੇ ਇਕ ਬਿਆਨ ਜਾਰੀ ਕੀਤਾ ਅਤੇ ਕਿਹਾ ਕਿ ਉਹ ਫਿਲਹਾਲ ਪੀੜਤ ਔਰਤ ਨੂੰ ਪੂਰੀ ਮਦਦ ਪ੍ਰਦਾਨ ਕਰ ਰਿਹਾ ਹੈ। ਇਸ ਦੇ ਨਾਲ ਹੀ, ਏਅਰ ਇੰਡੀਆ ਆਪਣੇ ਸਹਿਯੋਗੀਆਂ ਨੂੰ ਇਸ ਮੁਸ਼ਕਲ ਸਮੇਂ ਵਿੱਚ ਮਦਦ ਕਰਨ ਲਈ ਪੇਸ਼ੇਵਰ ਸਲਾਹ ਵੀ ਪ੍ਰਦਾਨ ਕਰ ਰਹੀ ਹੈ। ਏਅਰ ਇੰਡੀਆ ਦੇ ਬੁਲਾਰੇ ਨੇ ਕਿਹਾ, “ਏਅਰ ਇੰਡੀਆ ਆਪਣੇ ਚਾਲਕ ਦਲ ਅਤੇ ਸਟਾਫ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਬਹੁਤ ਮਹੱਤਵ ਦਿੰਦਾ ਹੈ। ਅਸੀਂ ਇੱਕ ਪ੍ਰਮੁੱਖ ਅੰਤਰਰਾਸ਼ਟਰੀ ਹੋਟਲ ਵਿੱਚ ਗੈਰ-ਕਾਨੂੰਨੀ ਘੁਸਪੈਠ ਦੀ ਘਟਨਾ ਤੋਂ ਬਹੁਤ ਦੁਖੀ ਹਾਂ, ਜਿਸ ਦੇ ਨਤੀਜੇ ਵਜੋਂ ਸਾਡੇ ਇੱਕ ਚਾਲਕ ਦਲ ਦੇ ਮੈਂਬਰ ਨੂੰ ਨੁਕਸਾਨ ਪਹੁੰਚਿਆ ਹੈ। ।” ਅਸੀਂ ਆਪਣੇ ਸਹਿਯੋਗੀ ਅਤੇ ਉਸਦੀ ਟੀਮ ਨੂੰ ਪੇਸ਼ੇਵਰ ਸਲਾਹ ਅਤੇ ਪੂਰਾ ਸਮਰਥਨ ਪ੍ਰਦਾਨ ਕਰ ਰਹੇ ਹਾਂ। ਏਅਰ ਇੰਡੀਆ ਸਥਾਨਕ ਪੁਲਿਸ ਨਾਲ ਤਾਲਮੇਲ ਕਰਕੇ ਕਾਨੂੰਨੀ ਕਾਰਵਾਈ ਕਰ ਰਹੀ ਹੈ ਅਤੇ ਹੋਟਲ ਪ੍ਰਬੰਧਨ ਨਾਲ ਕੰਮ ਕਰ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨਾ ਵਾਪਰਨ। “ਅਸੀਂ ਬੇਨਤੀ ਕਰਦੇ ਹਾਂ ਕਿ ਹਰ ਕੋਈ ਸ਼ਾਮਲ ਲੋਕਾਂ ਦੀ ਗੋਪਨੀਯਤਾ ਦਾ ਆਦਰ ਕਰੇ।” ਦੱਸ ਦੇਈਏ ਕਿ ਲੰਡਨ ਪੁਲਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਏਅਰ ਇੰਡੀਆ ਨੇ ਬੇਨਤੀ ਕੀਤੀ ਹੈ ਕਿ ਘਟਨਾ ਵਿੱਚ ਸ਼ਾਮਲ ਚਾਲਕ ਦਲ ਦੇ ਮੈਂਬਰ ਦੀ ਨਿੱਜਤਾ ਦਾ ਸਨਮਾਨ ਕੀਤਾ ਜਾਵੇ। ਏਅਰਲਾਈਨ ਨੇ ਇਹ ਵੀ ਪੁਸ਼ਟੀ ਕੀਤੀ ਹੈ ਕਿ ਉਹ ਘਟਨਾ ਦੀ ਪੂਰੀ ਤਰ੍ਹਾਂ ਜਾਂਚ ਕਰਨ ਅਤੇ ਪੀੜਤ ਨੂੰ ਇਨਸਾਫ਼ ਦਿਵਾਉਣ ਲਈ ਸਥਾਨਕ ਅਧਿਕਾਰੀਆਂ ਨਾਲ ਪੂਰਾ ਸਹਿਯੋਗ ਕਰ ਰਹੀ ਹੈ। ਹਾਲਾਂਕਿ, ਏਅਰਲਾਈਨ ਨੇ ਉਨ੍ਹਾਂ ਰਿਪੋਰਟਾਂ ’ਤੇ ਕੋਈ ਅਧਿਕਾਰਤ ਟਿੱਪਣੀ ਨਹੀਂ ਕੀਤੀ ਹੈ ਕਿ ਚਾਲਕ ਦਲ ਦੇ ਮੈਂਬਰ ਨਾਲ ਬਲਾਤਕਾਰ ਕੀਤਾ ਗਿਆ ਸੀ।

ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ



ਜਨਮ ਪਿੰਡ ਰੋਡੇ 2.6.1947 Birth Pind Rode

ਸ਼ਹੀਦੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 6.6.1984 Shaheedi Sri Darbar Sahib Amritsar

www.damdamitaksal.net

Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net





ਨਾਮ ਜਪੋ ਕਿਰਤ ਕਰੋ ਵੰਡ ਛਕੋ

Naam Japo Kirat Karo Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ

Daily Newspaper from U.K.

Publisher/Chief Editor

Raghbir Singh Walsal

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ ਯੂ.ਕੇ. ਮੁੱਖ ਸੰਪਾਦਕ

Raghbir Singh Walsall uk


ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS

100% VEGETARIAN PURE AND NATURAL

Enjoy Real Taste of PUNJAB

KD

FULLY A.C. HALL

Khehra VAISHNO DHABA

BREAKFAST LUNCH DINNER

OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian

Jalandhar-Amritsar G.T. Road

NEAR JANDIALA GURU

Contact

98610-00057, 99152-32757



We Accept Online & Card Payment



ਪੰਜਾਬੀ

ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

Love Maa Boli Punjabi

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼

www.damdamitaksal.net

ਮੁਕਤਾ ਾ ਕੰਨਾ ਿ ਸਿਹਾਰੀ ੀ ਬਿਹਾਰੀ

ੁ ਔਂਕੜ ੂ ਦੁਲੈਂਕੜ ੇ ਲਾਂ ੈ ਦੁਲਾਵਾਂ

ੋ ਹੋੜਾ ੌ ਕਨੌੜਾ ੰ ਟਿੱਪੀ ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

Learn Speak Read Write PUNJABI







# ASA Gas Heating Solution Ltd.

- Boilers
- Certificates
- Gas Work
- Cylinders
- Maintenance Services
- Gas Safety Inspections
- Plumbing Work

Vaillant APPROVED INSTALLER · WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com

Call us now for a Free no-olbigation quote

ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੂ ਕੋਟਿ ਪੈਂਡਾ ਆਗੇ ਹੋਏ ਲੇਤ ਹੈ ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 6 ਨਵੰਬਰ 2024 ਤੋਂ 16 ਨਵੰਬਰ 2024 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

**Note: It does not include flight ticket and insurance, it has to be done by the passenger himself.**

**ਜ਼ਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ। ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

☛ ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ ’ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।

☛ ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

✶-- ਗੁਰੂ ਪੰਥ ਦੇ ਸੇਵਾਦਾਰ --✶

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com

E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV

# HAYES PLANT HIRE

## WE TRAIN YOU GAIN

NPORS ACCREDITED


Telescopic Handler


Excavator 360


Road Roller


Forward Tipping Dumper


Tractor


Dozer

Plant Training and Testing on All CATEGORIES OF **MACHINERY.**


Dump Truck

# HAYES PLANT HIRE

**ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ**

NROPS Accredited

## ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।

## CONTACT- 07831543004

Hollis Farm, Clay Cross Chesterfield. S45 9BA

01246864370

ਆਵਾਜ਼ ਕੌਮ AWAZE QAUM International Newspaper & WEB TV

**CALL US TO BOOK YOUR CSCS LEVEL ONE COURSE.**

## 07715 1-28621





KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।






**www.khalsaforge.com**


ਬੰਦੀ ਸਿੰਘਾਂ 'ਅਤੇ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਰਿਹਾਈ
ਦੇ ਲਈ ਰੱਖੀ ਗਈ ਪੰਥਕ ਇਕੱਤਰਤਾ ਵਿੱਚ ਜ਼ਰੂਰ ਪਹੁੰਚੋ ਜੀ!
ਰੱਖੜ ਪੁੰਨਿਆ ਦੇ ਦਿਹਾੜੇ ਤੇ
ਬਾਬਾ ਬਕਾਲਾ ਸਾਹਿਬ ਜੀ ਵਿਖੇ
ਪੰਥਕ ਇਕੱਤਰਤਾ
19 ਅਗਸਤ 2024
ਸਮਾਂ ਸਵੇਰੇ 11ਵਜੇ ਤੋਂ
ਦੁਪਿਹਰੇ 3ਵਜੇ ਤੱਕ
ਆਵਾਜ਼ਿ ਕੌਮ
AWAZE QAUM
International Newspaper & WEB TV



ੴ ਸਤਿਗੁਰ ਪ੍ਰਸਾਦਿ॥
ਸ਼ਹੀਦ ਬਾਬਾ ਬੇਅੰਤ ਸਿੰਘ ਜੀ ਦੀ ਯਾਦ ਵਿੱਚ
ਗੁ: ਸ਼ਹੀਦਾਂ ਸਿੰਘਾਂ ਮੇਨ ਰੋਡ ਪਿੰਡ ਚੌਹੜਾ-ਡਘਾਮ (ਕੋਟ ਪੱਲੀਆਂ) ਵਿਖੇ
ਮਿਤੀ 22 ਅਗਸਤ 2024 ਦਿਨ ਵੀਰਵਾਰ ਨੂੰ
DOUBLE-S
ਬਰਸੀ ਸਮਾਗਮ
ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਕਰਵਾਇਆ ਜਾ ਰਿਹਾ ਹੈ, ਆਪ ਸਭ ਨੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।
20 ਅਗਸਤ ਦਿਨ ਮੰਗਲਵਾਰ ਨੂੰ ਅਰੰਭ ਸ੍ਰੀ ਅਖੰਡਪਾਠ ਸਾਹਿਬ ਜੀ
22 ਅਗਸਤ ਦਿਨ ਵੀਰਵਾਰ ਨੂੰ ਭੋਗ ਉਪਰੰਤ ਦੀਵਾਨ ਸਜਣਗੇ।
ਸਿੰਘ ਸਾਹਿਬ
ਗਿਆਨੀ ਜਸਵੀਰ ਸਿੰਘ ਜੀ ਰੋਡੇ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,
ਸਰਪ੍ਰਸਤ ਇੰਟਰਨੈਸ਼ਨਲ ਪੰਥਕ ਦਲ
ਪਹੁੰਚ ਰਹੇ ਪੰਥ ਪ੍ਰਸਿੱਧ ਕਥਾ ਵਾਚਕ, ਕੀਰਤਨੀ ਅਤੇ ਢਾਡੀ ਜਥੇ
ਭਾਈ ਬਲਵੰਤ ਸਿੰਘ
ਬਕਾਪੁਰ ਵਾਲੇ
ਉਸਤਾਦ ਗਿਆਨੀ ਬਲਕਾਰ ਸਿੰਘ ਜੀ
ਦਮਦਮੀ ਟਕਸਾਲ
ਕਵੀਸ਼ਰੀ ਜਥਾ
ਗਿ. ਕੇਵਲ ਸਿੰਘ ਮਹਿਤਾ
(ਕੋਮਲ ਸੋਹੀ ਭਰਾ)
ਢਾਡੀ ਜਥਾ ਭਾਈ ਅੰਮ੍ਰਿਤਪਾਲ ਸਿੰਘ
ਬੋੜੇ ਵਾਲੇ (ਨਿਹੰਗ ਸਿੰਘ)
ਬੇਨਤੀ ਕਰਤਾ
ਜਥੇਦਾਰ ਸਵਰਨਜੀਤ ਸਿੰਘ (ਮੁਖੀ ਮਿਸਲ ਸ਼ਹੀਦਾਂ ਤਰਨਾ ਦਲ, ਦੋਆਬਾ) ਮੋਬਾ. 98760-81108
ਏਕ ਨੂਰ ਸਵੈ-ਸੇਵੀ ਸੰਸਥਾ (ਰਜਿ.) ਪਠਲਾਵਾ ਸਮੂਹ ਸੇਵਾਦਾਰ ਅਤੇ ਇਲਾਕੇ ਦੀਆਂ ਸੰਗਤਾਂ।




SANT BEANT SINGH JI
BER KALAN WALE | UK TOUR 2024
FRI 26TH JULY - SUN 28TH JULY: SOUTHAMPTON
MON 29TH JULY - SUN 4TH AUGUST: SOUTHALL
MON 5TH AUGUST - SAT 10TH AUGUST: 7:00-8:00PM
GURU NANAK GURDWARA, LEICESTER, LE1 4LJ
SUN 11TH AUGUST: 1:00-2:00PM
GURU NANAK GURDWARA, LEICESTER, LE1 4LJ
WED 14TH AUGUST - 7:30-8:10PM:
GURU HAR RAI SAHIB GURDWARA, WEST BROMWICH, B70 6JW
SUN 18TH AUGUST - 2:00-3:00 PM:
GURU HAR RAI GURDWARA, WEST BROMWICH, B70 6JW
MON 19TH AUGUST - SUN 25TH AUGUST: 7:00-7:30AM & 6:45-7:30PM
SEDLEY STREET, WOLVERHAMPTON, WV2 3AJ
MON 26TH AUGUST - SUN 1ST SEPTEMBER: 7:30-8:15AM, 10:00-11:00AM & 7:15-8:00PM
BABA SANG GURDWARA, SMETHWICK, B66 1EE
SANT BEANT SINGH | WHATSAPP: +918530000006


ਸੱਦਾ-ਪੱਤਰ
ੴ ਸਤਿਗੁਰ ਪ੍ਰਸਾਦਿ ॥
ਸ਼ਹੀਦ ਬਾਬਾ ਬੇਅੰਤ ਸਿੰਘ ਜੀ ਦੀ ਯਾਦ ਵਿੱਚ
ਗੁ: ਸ਼ਹੀਦਾਂ ਸਿੰਘਾਂ ਮੇਨ ਰੋਡ ਪਿੰਡ ਚੌਹੜਾ-ਡਘਾਮ (ਕੋਟ ਪੱਲੀਆਂ) ਵਿਖੇ
ਮਿਤੀ 22 ਅਗਸਤ 2024 ਦਿਨ ਵੀਰਵਾਰ ਨੂੰ
ਬਰਸੀ ਸਮਾਗਮ
ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਬਰਸੀ ਸਮਾਗਮ ਵਿੱਚ ਆਪ ਜੀ ਨੇ ਪਰਿਵਾਰ ਅਤੇ ਵੱਧ ਤੋਂ ਵੱਧ ਸੰਗਤਾਂ ਸਮੇਤ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।
20 ਅਗਸਤ ਦਿਨ ਮੰਗਲਵਾਰ ਨੂੰ ਅਰੰਭ ਸ੍ਰੀ ਅਖੰਡਪਾਠ ਸਾਹਿਬ ਜੀ
22 ਅਗਸਤ ਦਿਨ ਵੀਰਵਾਰ ਨੂੰ ਭੋਗ ਉਪਰੰਤ ਦੀਵਾਨ ਸਜਣਗੇ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ)
ਸਰਪ੍ਰਸਤ ਇੰਟਰਨੈਸ਼ਨਲ ਪੰਥਕ ਦਲ
ਪਹੁੰਚ ਰਹੇ ਪੰਥ ਪ੍ਰਸਿੱਧ ਕਥਾ ਵਾਚਕ, ਕੀਰਤਨੀ ਅਤੇ ਢਾਡੀ ਜਥੇ :-
* ਭਾਈ ਬਲਵੰਤ ਸਿੰਘ ਬਕਾਪੁਰ ਵਾਲੇ
* ਉਸਤਾਦ ਗਿਆਨੀ ਬਲਕਾਰ ਸਿੰਘ ਜੀ ਦਮਦਮੀ ਟਕਸਾਲ
* ਕਵੀਸ਼ਰੀ ਜਥਾ ਗਿ. ਕੇਵਲ ਸਿੰਘ ਮਹਿਤਾ
* ਢਾਡੀ ਜਥਾ ਭਾਈ ਅੰਮ੍ਰਿਤਪਾਲ ਸਿੰਘ ਬੋੜੇ ਵਾਲੇ (ਨਿਹੰਗ ਸਿੰਘ)
ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ
ਗੁਰਦੁਆਰਾ ਸ਼ਹੀਦਾਂ ਸਿੰਘਾਂ ਦੀ ਇਮਾਰਤ ਦੀ ਕਾਰ ਸੇਵਾ ਚੱਲ ਰਹੀ ਹੈ ਸੰਗਤਾਂ ਤਨ-ਮਨ-ਧੰਨ ਨਾਲ ਯੋਗਦਾਨ ਪਾਓ ਜੀ।
ਨੋਟ : ਗੁਰਦੁਆਰਾ ਸਾਹਿਬ ਵਿਖੇ ਗੁਰਬਾਣੀ ਦੀ ਸੰਥਿਆ ਅਤੇ ਕੀਰਤਨ ਦੀ ਮੁਫ਼ਤ ਸਿੱਖਿਆ ਦਿੱਤੀ ਜਾਂਦੀ ਹੈ।
ਬੇਨਤੀ ਕਰਤਾ
ਜਥੇਦਾਰ ਸਵਰਨਜੀਤ ਸਿੰਘ
(ਮੁਖੀ ਮਿਸਲ ਸ਼ਹੀਦਾਂ ਤਰਨਾ ਦਲ, ਦੋਆਬਾ) 98760-81108
ਏਕ ਨੂਰ ਸਵੈ-ਸੇਵੀ ਸੰਸਥਾ (ਰਜਿ.) ਪਠਲਾਵਾ
ਸਮੂਹ ਸੇਵਾਦਾਰ ਅਤੇ ਇਲਾਕੇ ਦੀਆਂ ਸੰਗਤਾਂ।
ਆਵਾਜ਼ਿ ਕੌਮ
AWAZE QAUM
International Newspaper & WEB TV



With the blessings of Dhan Dhan Satguru Sahib Sri Guru Granth Sahib Ji
Mahaan Barsi Smagam
&
REMEMBERING THE SHAHEEDS OF 1984
SRI HAZOOR SANT BABA ISHER SINGH JI MAHARAJ
Rara Sahib
SRI MAAN SANT GIANI KARTAR SINGH JI KHALSA
Bhindranwale
Under the Guidance of: Sri Maan Sant Baba Bhagwan Singh Ji Maharaj (Rara Sahib Begowal)
4 DAY MAHAAN OPEN AIR
GURMAT SMAGAM
BANK HOLIDAY WEEKEND
23RD - 26TH AUGUST 2024
Sri Maan Sant Baba Bhagwan Singh Ji Maharaj (Rara Sahib Begowal)
Sri Maan Sant Giani Jarnail Singh Ji Khalsa Bhindranwale (Maujuda Mukhi Damdami Taksal)
SAT 24TH AUG 2024
REHNSBHAI KIRTAN DARBAR
SUN 25TH AUG 2024
SRI DASAM GRANTH SEHAJ PAATH BHOG
MON 26TH AUG 2024
SRI GURU GRANTH SAHIB JI SEHAJ PAATH BHOG
AMRIT SANCHAAR - SUNDAY 25TH AUGUST 2024 - 12PM (HALL 2)
GEORGE ST, WEST BROMWICH, BIRMINGHAM, B70 6NH
(NEXT TO GURU HAR RAI SAHIB GURDWARA)
FOR FURTHER INFORMATION, SEVA AND STALL BOOKINGS PLEASE CONTACT
07977 001313 | 07913 951860 | 07956 007161 | 07590 626176 | 07985 246484
ਆਵਾਜ਼ਿ ਕੌਮ
AWAZE QAUM
International Newspaper & WEB TV


ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ
ਮਹਾਨ ਬਰਸੀ ਸਮਾਗਮ
ਅਤੇ ਜੂਨ 1984 ਦੇ ਘੱਲੂਘਾਰੇ ਦੇ ਸ਼ਹੀਦਾਂ ਦੀ ਯਾਦ
ਸ੍ਰੀ ਹਜ਼ੂਰ ਸੰਤ ਬਾਬਾ ਈਸ਼ਰ ਸਿੰਘ ਜੀ ਮਹਾਰਾਜ
ਸ੍ਰੀ ਮਾਨ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ
ਸ੍ਰੀ ਮਾਨ ਸੰਤ ਬਾਬਾ ਭਗਵਾਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਬੇਗੋਵਾਲ) ਵਾਲਿਆਂ ਦੀ ਰਹਿਨੁਮਾਈ ਹੇਠ
4 ਰੋਜ਼ਾ
ਮਹਾਨ ਗੁਰਮਤਿ ਸਮਾਗਮ
ਬੈਂਕ ਹੋਲੀਡੇਅ ਵੀਕਐਂਡ
23 ਤੋਂ 26 ਅਗਸਤ 2024
ਸ੍ਰੀ ਮਾਨ ਸੰਤ ਬਾਬਾ ਭਗਵਾਨ ਸਿੰਘ ਜੀ ਮਹਾਰਾਜ (ਰਾੜਾ ਸਾਹਿਬ ਬੇਗੋਵਾਲ)
ਸ੍ਰੀ ਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ (ਮੌਜੂਦਾ ਮੁਖੀ ਦਮਦਮੀ ਟਕਸਾਲ)
ਸ਼ਨੀਵਾਰ 24 ਅਗਸਤ 2024
ਰੈਣਸਬਾਈ ਕੀਰਤਨ ਦਰਬਾਰ
ਐਤਵਾਰ 25 ਅਗਸਤ 2024
ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਭੋਗ
ਸੋਮਵਾਰ 26 ਅਗਸਤ 2024
ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਭੋਗ
ਅੰਮ੍ਰਿਤ ਸੰਚਾਰ - ਐਤਵਾਰ 25 ਅਗਸਤ 2024 - ਦੁਪਹਿਰੇ 12 ਵਜੇ (ਹਾਲ 2)
ਜੋਰਜ ਸਟ੍ਰੀਟ, ਵੈਸਟ ਬਰੌਮਵਿਚ, ਬਰਮਿੰਘਮ, B70 6NH
(ਗੁਰੂ ਹਰਿ ਰਾਇ ਸਾਹਿਬ ਗੁਰਦੁਆਰਾ ਦੇ ਪਾਸ)
ਵਧੇਰੇ ਜਾਣਕਾਰੀ, ਸੇਵਾ ਜਾਂ ਸਟਾਲ ਬੁਕਿੰਗ ਲਈ ਹੇਠ ਦਿੱਤੇ ਨੰਬਰਾਂ ਤੇ ਸੰਪਰਕ ਕਰੋ
07977 001313 | 07913 951860 | 07956 007161 | 07590 626176 | 07985 246484
ਆਵਾਜ਼ਿ ਕੌਮ AWAZE QAUM
International Newspaper & WEB TV




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




# ★ ਪੁਰਜ਼ੋਰ ਅਪੀਲ ★

ਦੇਸ਼ ਵਿਦੇਸ਼ ਵਿੱਚ ਵੱਸਦੇ ਪੰਥ ਦਰਦੀਆਂ ਅਤੇ ਸਿੱਖ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਖਾਲਸਾ ਅਤੇ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਬਾਬਾ ਬਕਾਲਾ ਸਾਹਿਬ ਵਿਖੇ 19 ਅਗਸਤ ਨੂੰ ਪੰਥਕ ਇਕੱਤਰਤਾ ਰੱਖੀ ਗਈ ਹੈ। ਆਪ ਸਭ ਨੇ ਆਪਣੇਂ ਕੀਮਤੀ ਰੁਝੇਵਿਆਂ ਵਿਚੋਂ ਸਮਾਂ ਕੱਢਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਵੱਲੋਂ:-

**ਭਾਈ ਭੁਪਿੰਦਰ ਸਿੰਘ ਗੱਦਲੀ, ਭਰਾਤਾ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ**

**ਅਤੇ ਸ਼ਮਸ਼ੇਰ ਸਿੰਘ ਪੱਧਰੀ**

**ਸਾਬਕਾ ਜ਼ਿਲ੍ਹਾ ਪ੍ਰੈਸ ਸਕੱਤਰ ( ਅੰਮ੍ਰਿਤਸਰ ), ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ**

# ਰੱਖੜੀ ਬੰਨ੍ਹਣ ਦੀ ਬਜਾਏ ਔਰਤਾਂ ਨੂੰ ਹਿੰਦੂ ਕੋਡ ਬਿੱਲ ਪੜ੍ਹਨਾ ਚਾਹੀਦਾ

**ਜੇਕਰ** ਕਿਸੇ ਤਿਉਹਾਰ ਜਾਂ ਵਿਚਾਰਧਾਰਾ ਵਿੱਚ ਕੋਈ ਵਿਗਿਆਨਕ ਦ੍ਰਿਸ਼ਟੀਕੋਣ ਜਾਂ ਨੈਤਿਕਤਾ ਦੀ ਕੋਈ ਸਿੱਖਿਆ ਮਿਲਦੀ ਹੈ, ਉਸ ਨੂੰ ਗ੍ਰਹਿਣ ਕਰਨ ਵਿੱਚ ਕੋਈ ਹਰਜ਼ ਨਹੀਂ ਹੈ ਪਰ ਜੇਕਰ ਕਿਸੇ ਤਿਉਹਾਰ ਜਾਂ ਵਿਚਾਰਧਾਰਾ ਦਾ ਕੋਈ ਖਾਸ ਮਤਲਬ ਨਹੀਂ, ਜਾਂ ਪੁਰਖਿਆ ਦੇ ਕਹਿਣ ਜਾਂ ਮਨਾਉਣ ਕਰਕੇ ਪਿੱਛਲੱਗੂ ਬਣ ਕੇ ਹੀ ਮੰਨੀ ਜਾ ਰਹੇ ਹਾਂ ਉਸ ਨੂੰ ਮੰਨਣ ਵਿੱਚ ਸਮਾਂ ਵੀ ਨਸ਼ਟ ਨਹੀਂ ਕਰਨਾ ਚਾਹੀਦਾ। ਹਾਂ ਮੰਨਣ ਤੋਂ ਪਹਿਲਾਂ ਉਸ ਤੇ ਸੋਚ ਵਿਚਾਰ ਕਰਨਾ ਜਰੂਰੀ ਹੁੰਦਾ ਹੈ ਕਿ ਇਸ ਮੰਨਣ ਨਾਲ ਕੋਈ ਸਮਾਜਿਕ/ਨੈਤਿਕ ਫਾਇਦਾ ਹੈ ਜਾਂ ਨਹੀ ? ਹਰ ਧਰਮ ਵਿੱਚ ਸ਼ੁਰੂ ਵਿੱਚ ਕੁਝ ਅਜਿਹੀਆ ਮਾਨਤਾਵਾਂ ਹਨ ਜੋ ਪੀੜ੍ਹੀ ਦਰ ਪੀੜ੍ਹੀ ਚੱਲ ਕੇ ਇਕ ਮਾਨਤਾ/ਵਿਸ਼ਵਾਸ਼/ਵਿਵਸਥਾ ਬਣ ਗਈਆਂ ਹਨ ਪਰ ਇਹ ਸ਼ੁਰੂ ਮੌਕੇ ਦੀ ਨਜਾਕਤ ਨਾਲ ਕੀਤੀਆ ਗਾਇਆ ਸੀ ਜੋ ਮੌਕੇ ਮੁਤਾਬਕ ਠੀਕ ਵੀ ਸੀ ਜਾਂ ਕੁੱਝ ਵਰਗ ਵੱਲੋਂ ਖ਼ੁੱਦ ਦੇ ਸਵਾਰਥ ਲਈ। ਇਨ੍ਹਾਂ ਵਿੱਚੋ ਇੱਕ ਹੈ ਰੱਖੜੀ ਦਾ ਤਿਉਹਾਰ ਜੋ ਅੱਜ ਸਿਰਫ ਗੁੱਟ ਤੇ ਧਾਗਾ ਬੰਨਣ ਤੱਕ ਹੀ ਸੀਮੀਤ ਹੋ ਕੇ ਰਹਿ ਗਿਆ ਹੈ ਜਦਕਿ ਇੱਕ ਔਰਤ ਦੀ ਮੁਸਕਿਲ ਘੜੀ ਦੌਰਾਨ ਇੱਕ ਔਰਤ ਦੀ ਰੱਖਿਆ ਕਰਨ ਲਈ ਇੱਕ ਇਨਸਾਨ ਅੰਦਰ ਨੈਤਿਕਤਾ ਹੋਣੀ ਜਰੂਰੀ ਹੈ। ਨੈਤਿਕ ਇਨਸਾਨ ਦਾ ਭਾਵੇਂ ਕਿਸੇ ਨਾਲ ਰਿਸਤਾ ਹੋਵੇ ਜਾ ਨਾ ਉਹ ਔਰਤ ਦੀ ਮੁਸਕਲ ਸਮੇਂ ਰੱਖਿਆ ਜਰੂਰ ਕਰਦਾ ਹੈ ਭਾਵੇਂ ਉਸ ਔਰਤ ਵੱਲੋਂ ਉਸ ਇਨਸਾਨ ਨੂੰ ਰੱਖੜੀ, ਰਕਸ਼ਾ ਬੰਧਨ੍ ਜਾਂ ਰਾਖੀ ਬੰਨੀ ਗਈ ਹੋਵੇ ਜਾਂ ਨਾ। ਨੈਤਿਕਤਾ ਦਾ ਧਰਮ ਨਾਲ ਕੋਈ ਸਬੰਧ ਨਹੀ ਹੈ ਇਹ ਸਿਰਫ ਇੱਕ ਸਮਯੱਕ ਸਮਾਜਿਕ ਵਿਵਹਾਰ/ਆਚਰਨ ਹੈ। ਰੱਖੜੀ ਬਣਵਾਉਣੀ ਜਾ ਨਹੀਂ ਬੰਨਵਾਉਣੀ ਇਹ ਪਾਠਕਾਂ ਦਾ ਨਿੱਜੀ ਫੈਸਲਾ ਹੈ ਪਰ ਬਣਵਾਉਣ ਤੋਂ ਪਹਿਲਾਂ ਲੇਖ ਵਿੱਚ ਦਿੱਤੇ ਹਵਾਲੇ ਗੁਰੂਆਂ ਅਤੇ ਰਹਿਬਰਾਂ ਦੇ ਸੋਚ ਵਿਚਾਰਣ ਮਗਰੋਂ ਹੀ ਫੈਂਸਲਾ ਲੈਣਾ ਉਚਿਤ ਹੋਵੇਗਾ ਮੈਨੂੰ ਯਕੀਨ ਹੈ ਫੈਂਸਲਾ ਨਹ ਵਾਲਾ ਹੋਵੇਗਾ ਜੇਕਰ ਅਸੀਂ ਆਪਣੇ ਰਹਿਬਰਾਂ/ਗੁਰੂਆਂ ਨੂੰ ਮੰਨਦੇ ਹਾਂ!

**ਰੱਖੜੀ ਦੀ ਮਾਨਤਾ ਅਤੇ ਧਾਰਨਾ :-** ਰੱਖੜੀ, ਰਕਸ਼ਾ ਬੰਧਨ੍ ਜਾਂ ਰਾਖੀ ਤੋਂ ਭਾਵ ਹੈ ਕਿ ਵੀਰ ਭੈਣਾਂ ਦੀ ਰੱਖਿਆ ਕਰਨ ਜਾਂ ਕਹਿ ਲਓ ਰੱਖੜੀ ਬੰਨ੍ਹਾ ਕੇ ਵੀਰ ਭੈਣਾਂ ਦੀ ਕਿਸੇ ਔਕੜ ਸਮੇਂ ਰੱਖਿਆ ਕਰਨ ਜਾ ਕੰਮ ਆਉਣ ਲਈ ਬਚਨ ਵੱਧ ਹੋ ਜਾਂਦੇ ਹਨ। ਰਕਸ਼ਾ ਬੰਧਨ੍ ਭਾਰਤ ਵਿੱਚ ਇਹ ਇੱਕ ਪ੍ਰਸਿੱਧ ਅਤੇ ਪਰੰਪਰਾਗਤ ਤੌਰ 'ਤੇ ਸਲਾਨਾ ਰੀਤੀ ਮੰਨੀ ਗਈ ਜਾਂਦੀ ਹੈ ਅਤੇ ਇਹ ਤਿਉਹਾਰ ਪੂਰੇ ਭਾਰਤ ਵਿੱਚ ਮਨਾਇਆ ਜਾਂਦਾ ਹੈ। ਰਕਸ਼ਾ ਬੰਧਨ੍ਹ ਸਾਵਣ ਮਹੀਨੇ ਦੇ ਅੰਤਮ ਦਿਨ ਤੇ ਮਨਾਇਆ ਜਾਂਦਾ ਹੈ, ਜੋ ਆਮ ਤੌਰ 'ਤੇ ਅਗਸਤ ਵਿੱਚ ਆਉਂਦਾ ਹੈ। ਇਸ ਦਿਨ, ਹਰ ਉਮਰ ਦੀਆਂ ਭੈਣਾਂ ਆਪਣੇ ਭਰਾਵਾਂ ਦੇ ਗੁੱਟ ਦੇ ਦੁਆਲੇ ਰੱਖੜੀ ਨਾਮਕ ਇੱਕ ਤਵੀਤ ਜਾਂ ਧਾਗਾ ਬੰਨ੍ਹਦੀਆਂ ਹਨ। ਇਹ ਵੀ ਧਾਰਨਾ ਹੈ ਕਿ ਭੈਣਾਂ ਇਸ ਮੌਕੇ ਭਰਾਵਾ ਦੀ ਸੁੱਖ ਮੰਗਦੀਆਂ ਉਨ੍ਹਾਂ ਦੀ ਲੰਮੀ ਉਮਰ ਦੀ ਕਾਮਨਾ ਕਰਦੀਆਂ ਹਨ।

2) **ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੇ ਤਿਉਹਾਰਾਂ ਸਬੰਧੀ ਵਿਚਾਰ:-** ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਬਾਬਾ ਸਾਹਿਬ ਡਾ ਅੰਬੇਡਕਰ ਜੀ ਨੇ ਇਹ ਗੱਲ ਸਾਫ਼ ਸਾਫ਼ ਕਹੀ ਹੈ ਕਿ "ਗੁਲਾਮਾਂ ਦਾ ਕੋਈ ਉਤਸਵ ਨਹੀਂ ਹੁੰਦਾ, ਉਹ ਸਾਸ਼ਕ ਵਰਗ ਦੁਆਰਾ ਥੋਪੇ ਗਏ ਤਿਉਹਾਰਾਂ ਨੂੰ ਹੀ ਬਿਨਾਂ ਸੋਚੇ ਸਮਝੇ ਮੂਰਖਾਂ ਦੀ ਤਰ੍ਹਾਂ ਮਨਾਉਂਦੇ ਰਹਿੰਦੇ ਹਨ" ਬਾਕੀਆਂ ਦੀ ਤਾਂ ਗੱਲ ਛੱਡੋ ਰੱਖੜੀ ਵਾਲੇ ਦਿਨ ਕੁੱਝ ਬੁੱਧਿਸ਼ਟ ਅੰਬੇਡਕਰੀ ਧੰਮ ਪਰਚਾਰਕ ਨੀਲੇ ਰੰਗ ਦੇ ਧਾਗੇ ਬੰਨ੍ਹਦੇ ਹਨ ਜਿੰਨਾ ਵਿੱਚ ਤਥਾਗਤ ਬੁੱਧ ਦੀਆਂ ਜਾਂ ਬਾਬਾ ਸਾਹਿਬ ਜੀ ਦੀਆ ਫੋਟੋਆਂ ਲਗਾ ਕੇ ਰੱਖੜੀ ਬੰਨ੍ਹੀ ਫਿਰਦੇ ਹਨ ਤੇ ਉਹ ਲੋਕ ਹੀ ਗੱਲ ਕਰਨਗੇ ਕੇਡਰ/ਮੀਟਿੰਗਾਂ ਵਿੱਚ 22 ਪ੍ਰਤਿੱਗਿਆਵਾਂ ਦੀ ਪੂਰੇ ਦੇਸ਼ ਵਿੱਚ ਲਾਗੂ ਕਰਨ ਦੀ ? ਉਹ ਇਹ ਨਹੀਂ ਜਾਣਦੇ ਕਿ ਉਹ ਵਿਚਾਰਧਾਰਾ ਦਾ ਕਿੰਨਾ ਨੁਕਸਾਨ ਕਰ ਰਹੇ ਹਨ।

**ਜਰੂਰੀ ਹੈ ਕੀ :-** ਇੱਕ ਭਾਰਤੀ ਔਰਤ ਨੂੰ ਅੱਜ ਇਹ ਤਾ ਪਤਾ ਹੈ ਕਿ ਕਿਹੜੇ ਮਹੀਨੇ ਵਿੱਚ ਕਿਹੜਾ ਵਰਤ ਜਾ ਤਿਓਹਾਰ ਆਉਂਦਾ ਹੈ, ਇਹ ਵੀ ਪਤਾ ਹੈ ਕਿ ਸਾਉਣ ਦਾ ਮਹੀਨਾ ਸ਼ੁਰੂ ਹੋ ਗਿਆ ਲਾਲ-ਹਰੀਆਂ ਬੰਗਾ ਪਾਉਣੀਆਂ ਆ ਪਰ ਉਸ ਨੂੰ ਇਹ ਬਿਲਕੁਲ ਨਹੀਂ ਪਤਾ ਕਿ ਸੰਵਿਧਾਨ ਵਿੱਚ ਉਸ ਦੀ ਸੁਰੱਖਿਆ ਅਤੇ ਅਧਿਕਾਰਾਂ ਲਈ ਕਿਹੜੀ ਧਾਰਾ ਹੈ ? ਤੇ ਅਫਸੋਸ "ਹਿੰਦੂ ਕੋਡ ਬਿੱਲ" ਬਾਰੇ ਕੋਈ ਜਾਣਕਾਰੀ ਨਹੀਂ ਜਿਸ ਬਿੱਲ ਰਾਹੀਂ ਬਾਬਾ ਸਾਹਿਬ ਅੰਬੇਡਕਰ ਜੀ ਨੇ ਔਰਤ ਨੂੰ ਸਾਰੇ ਹੱਕ ਅਧਿਕਾਰ ਦਿਵਾਏ। ਇਕ ਸੰਵਿਧਾਨ ਹੀ ਹੈ ਜਿਸ ਨੇ ਇੱਕ ਔਰਤ ਨੂੰ ਸਮਾਜ ਵਿੱਚ ਔਰਤ ਦਾ ਸਨਮਾਨਿਤ ਦਰਜਾ ਹੀ ਨਹੀਂ ਦਿੱਤਾ ਬਲਕਿ ਕੁਦਰਤੀ



ਅਧਿਕਾਰ ਵੀ ਦਿੱਤੇ ! ਜੇ ਜਿਆਦਾ ਨਹੀਂ ਇੱਕ ਔਰਤ ਨੂੰ ਹਿੰਦੂ ਕੋਡ ਬਿਲ਼ ਜਰੂਰ ਪੜ੍ਹਾ ਚਾਹੀਦਾ ਹੈ !ਔਰਤਾਂ ਨੂੰ ਪੜਨ ਲਿਖਣ ਦਾ ਅਧਿਕਾਰ ਬਾਬਾ ਸਾਹਿਬ ਜੀ ਨੇ ਲੈ ਕੇ ਦਿੱਤੇ,ਲਿੰਗ ਦੇ ਅਧਾਰ ਤੇ ਔਰਤ ਨਾਲ ਕੋਈ ਭੇਦਭਾਵ ਨਾ ਕੀਤਾ ਜਾਵੇ, ਵਧੀਆ ਕੱਪੜੇ ਪਹਿਨਣ ਦਾ ਅਧਿਕਾਰ,ਸਤੀ ਪ੍ਰਥਾ ਦਾ ਖਾਤਮਾ,ਮਰਦ ਦੇ ਬਰਾਬਰ ਜੀਣ ਦਾ ਅਧਿਕਾਰ,ਆਪਣੇ ਹੱਕਾ ਲਈ ਆਵਾਜ਼ ਉਠਾਉਣ ਦਾ ਅਧਿਕਾਰ,ਲੜਕੇ ਦੇ ਮੁਕਾਬਲੇ ਲੜਕੀ ਨੂੰ ਪੂਰੀ ਸੰਪਤੀ ਵਿਚ ਬਰਾਬਰ ਦੇ ਹਿੱਸੇ ਦਾ ਅਧਿਕਾਰ,ਮਹਿਲਾ ਨੂੰ ਦੂਸਰੀ ਸ਼ਾਦੀ ਕਰਨ ਦਾ ਅਧਿਕਾਰ,ਜੇਕਰ ਵਿਆਹ ਤੋਂ ਬਾਅਦ ਔਰਤ ਦਾ ਪਤੀ ਓਸ ਨਾਲ ਚੰਗਾ ਵਿਵਹਾਰ ਨਹੀ ਕਰਦਾ ਤਾਂ ਉਹ ਤਲਾਕ ਲੇ ਸਕਦੀ ਹੈ,ਅੱਜ ਇਕ ਔਰਤ ਕਿਸੇ ਵੀ ਅਹੁਦੇ ਤੇ ਕੰਮ ਕਰ ਰਹੀ ਹੈ ਇਹ ਸੰਵੀਧਾਨ ਬਦੌਲਤ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

**ਰੱਖੜੀ ਨੂੰ ਅੰਬੇਡਕਰਵਾਦੀ ਜਾ ਬੁਧਿਸ਼ਟ ਰੰਗ ਦੇਣਾ -:** ਰੱਖੜੀ ਤੁਸੀਂ ਭਾਵੇਂ ਆਮ ਧਾਗੇ ਦੀ ਜਾ ਸੋਨੇ ਚਾਂਦੀ ਦੀ ਬੰਨ ਦਿਓ ਪਰ ਸਾਡੀ ਰੱਖਿਆ ਖਾਸ ਕਰਕੇ ਔਰਤ ਵਰਗ ਦੀ ਭਾਰਤੀ ਸੰਵਿਧਾਨ (ਹਿੰਦੂ ਕੋਡ ਬਿੱਲ) ਹੀ ਕਰੇਗਾ ! ਹੁਣ ਇਸ ਗੱਲ ਦਾ ਮਤਲਬ ਇਹ ਵੀ ਨਹੀਂ ਹੈ ਕਿ ਅਸੀਂ ਰੱਖੜੀ ਸੰਵਿਧਾਨ ਨੂੰ ਹੀ ਬੰਨ੍ਹਣ ਲੱਗ ਜਾਈਏ ! ਕੁੱਝ ਲੋਕ ਸੋਚਦੇ ਹਨ ਕਿ ਦੀਵਾਲੀ ਨੂੰ ਦੀਪ ਦਾਨ ਦਿਵਸ ਮਨਾਈਏ , ਹੋਲੀ ਵਾਲੇ ਦਿਨ ਨੀਲੇ ਰੰਗ ਦੇ ਕੱਪੜੇ ਜਾਂ ਮੱਥੇ ਤੇ ਨੀਲੇ ਰੰਗ ਦੇ ਟਿੱਕੇ ਲਗਾਈਏ, ਲੋਹੜੀ ਤੇ ਮਿਸ਼ਨਰੀ ਗੀਤ ਗਾਈਏ , ਵਿਜੈ ਦਸ਼ਮੀ ਮਨਾਈਏ ਪਟਾਕੇ ਚਲਾ ਕੇ ! ਵਰਤ ਤੋੜੀਏ ਬਾਵਾ ਸਾਹਿਬ ਦੀ ਫੋਟੋ ਰੱਖ ਕੇ! ਇਨ੍ਹਾਂ ਤੋ ਇਲਾਵਾ ਹੋਰ ਪਤਾ ਨਹੀਂ ਕਿੰਨੇ ਅੰਧ ਵਿਸ਼ਵਾਸ ਜੋ ਬਹਾਨੇ ਨਾਲ ਅਸੀਂ ਕਰਨੇ ਪਸੰਦ ਕਰਦੇ ਹਾਂ !

ਮੈ ਇਸ ਲੇਖ ਨੂੰ ਲਿਖਣ ਵੇਲੇ ਭਾਈ ਸਰਦਾਰ ਸਰਬਜੀਤ ਸਿੰਘ ਧੂੰਦਾ ਜੀ ਦੇ ਰੱਖੜੀ ਬਾਰੇ ਵਿਚਾਰ ਸੁਣੇ ਜੋ ਇਸ ਵਿਸ਼ੇ ਤੇ ਤਰਕ ਦਲੀਲ ਤੇ ਬਿਲਕੁਲ ਸਹੀ ਢੁਕਦੇ ਹਨ । ਇਸ ਵਿਸ਼ੇ ਤੇ ਉਹਨਾਂ ਬਿਲਕੁਲ ਸਪਸ਼ਟ ਕਿਹਾ ਕਿ " ਆਪਣਾ ਇਤਿਹਾਸ ਪੜ ਕੇ ਵੇਖੋ ਇਥੇ ਹੈ ਇੱਕ ਸਿੱਖ ਹਰ ਇੱਕ ਵੱਡੀ ਨੂੰ ਮਾਂ ਬਰਾਬਰ ਦੀ ਨੂੰ ਭੈਣ ਤੇ ਛੋਟੀ ਨੂੰ ਧੀ ਸਮਝਦਾ ਸੀ। ਇਹ ਤਿਉਹਾਰ ਜਿੰਨਾ ਦੇ ਹਨ ਉਹਨਾਂ ਨੂੰ ਮਨਾਉਣ ਦਿਓ, ਇਹ ਤਿਓਹਾਰ ਸਾਡੇ ਨਹੀਂ ਹਨ। ਇਸਦਾ ਨੁਕਸਾਨ ਇਹ ਹੈ ਮੰਨ ਲਓ ਇੱਕ ਬਾਪ ਦਿਆਂ ਦੋ ਧੀਆਂ ਹਨ। ਬਾਪ ਨੇ ਦੋਨਾਂ ਧੀਆਂ ਦਾ ਵਿਆਹ ਕਰ ਦਿੱਤਾ ਹੁਣ ਇੱਕ ਧੀ ਦੀ ਇੱਕ ਬੇਟੀ ਤੇ ਇੱਕ ਬੇਟਾ ਹੈ ਤੇ ਦੂਜੀ ਧੀ ਦੇ ਘਰ ਦੋ ਬੇਟੀਆਂ ਹੀ ਹਨ। ਹੁਣ ਇੱਕ ਧੀ ਦੱਸ ਰਹਿ ਹੈ ਆਪਣੀ ਬੇਟੀ ਨੂੰ ਕਿ ਆਪਣੇ ਵੀਰ ਦੇ ਗੁੱਟ ਤੇ ਰੱਖੜੀ ਬੰਨ ਅੱਜ ਰਕਸ਼ਾ ਬੰਧਨ ਹੈ ਪਰ ਦੂੱਜੀ ਧੀ ਜਿਸ ਦੇ ਘਰ ਦੋ ਬੇਟੀਆਂ ਹੀ ਹਨ। ਹੁਣ ਦਸੋ ? ਕੀ ਉਹਨਾਂ ਦੇ ਮਨ ਵਿੱਚ ਖਿਆਲ ਨਹੀਂ ਆ ਰਿਹਾ ਕਿ ਰੱਬ ਸਾਨੂੰ ਵੀ ਇੱਕ ਭਰਾ ਦਿੰਦਾ ਅਸੀ ਵੀ ਆਪਣੇ ਭਰਾ ਦੇ ਰੱਖੜੀ ਬੰਨਦੇ । ਇਹ ਉਹ ਤਿਉਹਾਰ ਹਨ ਜੋ ਇੱਕ ਦੇ ਘਰ ਖੁਸ਼ੀ ਤੇ ਦੂਜੇ ਦੇ ਘਰ ਗਮੀ ਲੈ ਕੇ ਆਉਂਦੇ ਹਨ । ਜਿੰਨਾ ਦੇ ਘਰ ਔਲਾਦ ਹੁੰਦੀ ਨਹੀਂ ਉਹਨਾਂ ਨੂੰ ਮਹਿਸੂਸ ਕਰਵਾਇਆ ਜਾਂਦਾ ਹੈ ਕਿ ਅੱਜ ਤੁਹਾਨੂੰ ਰੱਬ ਨੇ ਇਸ ਖੁਸ਼ੀ ਤੋ ਵਾਂਝਾ ਰੱਖਿਆ ਹੈ। ਜੇ ਤੁਹਾਡੇ ਘਰ ਵੀ ਭਰਾ ਹੁੰਦਾ ਤੁਸੀ ਵੀ ਇਹ ਖੁਸ਼ੀ ਮਨਾਉਂਦੇ । ਗੁਰੂਆ ਨੇ ਕੋਈ ਅਜਿਹਾ ਤਿਉਹਾਰ ਨਹੀਂ ਦਿੱਤਾ ਜਿਸ ਨਾਲ ਇੱਕ ਖ਼ੁਸ਼ ਤੇ ਦੂਜਾ ਉਦਾਸ ਹੋਵੇ। ਗੁਰੂ ਸਾਹਿਬ ਨੇ ਜਿੰਨਾ ਦੀਆ ਇਜਤਾ ਬਚਾਈਆ ਸੀ ਉਹਨਾਂ ਕੋਲੋ ਰਖੜੀਆ ਨਹੀਂ ਬਣਵਾਈਆਂ ਸੀ । ਸਾਨੂੰ ਦੱਸਿਆ ਜਾ ਰਿਹਾ ਹੈ ਇਹ ਹੈ ਰਕਸ਼ਾ ਬੰਦਨ ਪਰ ਕਈ ਭੈਣਾਂ ਦਾ ਆਪਣੇ ਭਰਾ ਨਾਲੋ ਉਮਰ ਵਿੱਚ ਦਸ ਤੋਂ ਬਾਰਾਂ ਸਾਲ ਵੱਡੀਆਂ ਹੁੰਦੀਆਂ ਹਨ ਉਹ ਘਰ ਦੇ ਕੰਮਾਂ ਦੇ ਨਾਲ ਨਾਲ ਆਪਣੇ ਭਰਾ ਨੂੰ ਸਕੂਲ ਦਾ ਕੰਮ ਕਰਵਾਉਂਦੀਆਂ, ਨਹਾਉਂਦੀਆਂ, ਕਪੜੇ ਪਾਉਂਦਿਆ ਨੱਕ ਸਾਫ ਕਰਦੀਆ ਆਦਿ ਭਰਾ ਦੇ ਸਾਰੇ ਕੰਮ ਕਰਦੀਆਂ ਹਨ ਤੇ ਜਦੋ ਰੱਖੜੀ ਦਾ ਤਿਉਹਾਰ ਆਉਂਦਾ ਤਾਂ ਮਾਂ ਕਹਿੰਦੀ ਧੀਏ ਅਪਣੇ ਭਰਾ ਦੇ ਧਾਗਾ ਬੰਨ ਅੱਜ ਰਕਸ਼ਾ ਬੰਦਨ ਹੈ ਫਿਰ ਹੈ ਅੱਗਿਓਂ ਜੇਕਰ ਭੈਣ ਕਹੇ ਕਿ ਰੱਖਿਆ ਤਾਂ ਇਸਦੀ ਮੈ ਕਰਦੀ ਹਰ ਰੋਜ ਇਹ ਮੇਰੀ ਰੱਖਿਆ ਕਿਵੇ ਕਰ ਲਓ ? ਹੁਣ ਜੇਕਰ ਕੋਈ ਧੀ SSP ਜਾਂ DSP ਲੱਗੀ ਹੋਵੇ ਫਿਰ ਉਸਨੂੰ ਕਿਸੇ ਤੋ ਰੱਖਿਆ ਲੈਣ ਦੀ ਜ਼ਰੂਰਤ ਹੈ ? ਉਹ ਤੇ ਰੱਖਿਆ ਦੂਜਿਆ ਦੀ ਕਰ ਰਹੀ ਹੈ " ਇਹ ਸਾਰੀਆਂ ਤਰਕਾਂ ਇਸ ਲੇਖ ਵਿੱਚ ਦੱਸਣ ਦਾ ਮਤਲਬ ਇਹ ਹੈ ਇਸ ਲਈ ਰਿਸ਼ਤੇ ਧਾਗਿਆ ਨਾਲ ਨਹੀਂ ਬਣਦੇ ਇਹ ਤਾਂ ਪਿਆਰ, ਤਿਆਗ, ਵਿਸ਼ਵਾਸ਼,ਸ਼ੀਲ, ਮੈਤਰੀ ਭਾਵਨਾ ਜਾ ਜਰੂਰਤ ਵੇਲੇ ਕੰਮ ਆਉਣ ਨਾਲ ਬਣਦੇ ਹਨ। ਪਰ ਅਸੀ ਇੱਕ ਨਾਲ ਵਿਸ਼ਵਾਸ ਦਵਾਉਂਦੇ ਹਾਂ ਕਿ ਮੈ ਤੇਰਾ ਭਰਾ ਤੂੰ ਮੇਰੀ ਭੈਣ ਇਸ ਲਈ ਅੱਜ ਤੋ ਬਾਅਦ ਤੇਰੀ ਰੱਖਿਆ ਦੀ ਜ਼ਿੰਮੇਵਾਰੀ ਮੇਰੀ। ਕੀ ਇਹ ਹਰ ਸਾਲ ਯਾਦ ਕਰਵਾਉਣਾ ਜਰੂਰੀ ਹੈ ? ਜੈ ਨਹੀਂ ਤਾਂ ਫਿਰ ਕਿਉ ਹਰ ਸਾਲ ਧਾਗੇ ਬੰਨਦੇ ਹਾਂ ?

ਹੁਣ ਤੁਸੀਂ ਆਪ ਹੀ ਸਮਝਦਾਰ ਹੋ ਕੀ ਬਾਬਾ ਸਾਹਿਬ ਦਾ ਜੋ ਸੁਪਨਾ ਸੀ " ਮੈਂ ਇਸ ਦੇਸ਼ ਨੂੰ ਸ਼ਾਸ਼ਕ ਵਰਗ ਜਮਾਤ ਦੇਖਣਾ ਚਾਹੁੰਦਾ ਹਾਂ ਅਤੇ ਭਾਰਤ ਨੂੰ ਬੁੱਧਮਈ ਦੇਸ਼ ਦੇਖਣਾ ਚਾਹੁੰਦਾ ਹਾਂ "ਹੁਣ ਉਹ ਸੁਪਨਾ ਇਹ ਨੀਲੇ ਧਾਗੇ ਵਾਲੇ ਪੂਰਾ ਕਰਨਗੇ ? ਜਿਨ੍ਹਾਂ ਦੇ ਤਿਉਹਾਰ ਹਨ ਉਨ੍ਹਾਂ ਨੂੰ ਮਨਾਉਣ ਦਿਓ !ਮੇਰੀ ਇਹ ਸਭ ਨੂੰ ਗੁਜ਼ਾਰਿਸ਼ ਹੈ, ਕਿਉਂਕਿ ਤੁਸੀਂ ਆਪਣੇ ਨਾਲ -ਨਾਲ ਆਪਣੇ ਬੱਚਿਆਂ ਦੀ ਆਉਣ ਵਾਲੀ ਪੀੜ੍ਹੀ ਦਾ ਵੀ ਨੁਕਸਾਨ ਕਰ ਰਹੇ ਹੋ ! ਤੁਹਾਡਾ ਪੰਜ ਰੁਪਏ ਦਾ ਧਾਗਾ ਤੁਹਾਡੇ ਬੱਚਿਆਂ ਲਈ ਹੱਥਕੜੀ ਨਾ ਬਣ ਜਾਵੇ! ਸਾਨੂੰ ਇੱਕ ਗੱਲ ਸਾਫ਼ ਤੇ ਸਪਸ਼ਟ ਸਮਝ ਲੈਣੀ ਚਾਹੀਦੀ ਹੈ ਕਿ ਬਾਬਾ ਸਾਹਿਬ ਡਾ ਅੰਬੇਡਕਰ ਜੀ ਨੇ ਬਿਨਾਂ ਰੱਖੜੀ ਬਨਾਏ ,ਬਿਨਾਂ ਦੀਵਾਲੀ ਦੁਸਹਿਰਾ ਮਨਾਏ , ਸਾਰੇ ਵਰਗ ਦੀਆਂ ਔਰਤਾਂ ਲਈ ਸੰਵਿਧਾਨ ਵਿੱਚ ਸੁਰੱਖਿਆ ਦੇ ਪ੍ਰਬੰਧ ਕੀਤੇ ਸਨ ! ਸੋ ਗੱਲ ਸਿਰਫ਼ ਇੰਨੀ ਕੁ ਹੈ ਜੇਕਰ ਸਾਡੇ ਰਹਿਬਰਾਂ ਮਹਾਂਪੁਰਸ਼ਾਂ ਦਾ ਰੱਖੜੀ ਬਿਨਾਂ ਬਣਵਾਏ ਸਰ ਸਕਦਾ ਹੈ ਤਾਂ ਸਾਡਾ ਕਿਉਂ ਨਹੀਂ ਸਰ ਸਕਦਾ ਹੈ ? ਦੂਜੀ ਗੱਲ, ਜਿਹੜੇ ਰਹਿਬਰਾਂ ਨੇ ਇਹ ਵਿਗਿਆਨਕ ਦ੍ਰਿਸ਼ਟੀਕੋਣ ਦਾ ਕਾਰਵਾਂ ਖੜ੍ਹਾ ਕੀਤਾ ਹੈ ਇਸ ਦੇ ਲਈ ਉਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਦਾਅ ਤੇ ਲਗਾਈ ਹੈ ਪਰ ਕੁੱਝ ਅਗਿਆਨੀ ਲੋਕ ਨੀਲੇ ਧਾਗੇ ਬੰਨ ਕੇ ਬਣੀ ਬਣਾਈ ਵਿਚਾਰਧਾਰਾ ਵਿੱਚ ਛੇਕ ਕਰਨ ਲਈ ਤੁਲੇ ਹੋਏ ਹਨ! ਜੇ ਸਾਡਾ ਮਿਸ਼ਨ ਵਿੱਚ ਕੋਈ ਯੋਗਦਾਨ ਨਹੀਂ ਹੈ ਹਾਂ ਉਸ ਵਿੱਚ ਬਦਲਾਅ ਕਰਨ ਵਾਲੇ ਵੀ ਅਸੀਂ ਕੌਣ ਹੁੰਦੇ ਹਾਂ ! ਇਹ ਕਾਰਵਾਂ ਤਥਾਗਤ ਬੁੱਧ , ਜੋਤਿਬਾ ਫੂਲੇ, ਸ਼ਾਹੂ ਪੇਰਿਆਰ ਸਾਹਿਬ ਬਾਬਾ ਸਾਹਿਬ ਤੇ ਹੋਰ ਅਨੇਕ ਮਹਾਂਪੁਰਸ਼ਾਂ ਨੇ ਖੜ੍ਹਾ ਕੀਤਾ ਹੈ ਨਾ ਕਿ ਅਸੀਂ !

ਧਰਮ ਵਿੱਚ ਵਰਣ ਤੇ ਵਰਣ ਵਿੱਚ ਜਾਤ , ਜਾਤ ਵਿੱਚ ਸ਼ੂਦਰ, ਸ਼ੂਦਰ ਵਿੱਚ ਅਛੂਤ ਫਿਰ ਊਚ-ਨੀਚ ਤੇ ਪਹਿਲੇ ਵਰਣ ਅੱਗੇ ਸਭ ਨੀਚ ,ਹੁਣ ਲੋਕ ਕਿਵੇਂ ਮਾਣ ਨਾਲ ਕਹਿ ਸਕਦੇ ਹਨ ਕਿ ਅਸੀਂ ਇਸ ਧਰਮ ਦਾ ਹਿੱਸਾ ਹਾਂ ਜਦੋਂ ਕਿ ਸਾਨੂੰ ਰੱਖਿਆ ਹੀ ਸੱਭ ਤੋਂ ਹੇਠਾਂ ਅਤੇ ਵਰਣ ਵਿੱਚ ਉਪਰ ਜਾਣ ਦਾ ਕੋਈ ਰਸਤਾ ਵੀ ਨਹੀਂ ਹੈ, ਜਿੱਥੇ ਜਨਮੇ, ਉਥੇ ਹੀ ਮਰ ਜਾਣਾ ਹੈ ..? ਤੇ ਇਹ ਸਾਡੇ ਤਿਉਹਾਰ ਹਨ ? ਹੁਣ ਸਮਾਂ ਬਦਲ ਚੁੱਕਾ ਹੈ ਹਰ ਔਰਤ ਖ਼ੁੱਦ ਦੀ ਰੱਖਿਆ ਲਈ ਖ਼ੁੱਦ ਤਿਆਰ ਹੈ, ਕਿਉਕਿ ਉਹ ਪੜ ਲਿੱਖ ਚੁੱਕੀ ਹੈ ਤੇ ਆਪਣੇ ਪੈਰਾਂ ਤੇ ਖਲੋ ਗਈ ਹੈ ਉਸ ਨੂੰ ਸਹਾਰੇ ਦੀ ਲੋੜ ਨਹੀਂ ਹੈ, ਕਿਉਕਿ ਦੇਸ਼ ਭਾਰਤ ਦਾ ਸੰਵਿਧਾਨ ਉਸ ਦੇ ਨਾਲ ਹੈ ਤੇ ਉਸ ਦੇ ਹੱਕ ਵਿੱਚ ਹੈ।

**ਅੰਤ :-** ਸੱਭ ਨੂੰ ਆਪਣੇ ਆਪਣੇ ਧਰਮ ਦੀ ਗੱਲ ਕਰਨ ਹੱਕ ਹੈ । ਇਸ ਲਈ ਜਿਹਨਾਂ ਨੂੰ ਇਹ ਤਿਉਹਾਰ ਠੀਕ ਲੱਗਦੇ ਹਨ ਅਤੇ ਜਿਨਾ ਦੇ ਇਤਿਹਾਸ ਦੇ ਹਨ , ਓਹਨਾ ਨੂੰ ਚਾਅ ਨਾਲ ਮਨਾਉਣ ਦਿਓ, ਅਸ਼ੂਤਾਂ ਦਾ ਇਨਾ ਤਿਉਹਾਰਾਂ ਨਾਲ ਕੋਈ ਸੰਬੰਧ ਨਹੀ ਹੈ ਅਤੇ ਸਾਨੂੰ ਇਨ੍ਹਾਂ ਤਿਉਹਾਰਾ ਤੇ ਹੋਣ ਵਾਲੇ ਖਰਚੇ ਅਤੇ ਸਮੇਂ ਨੂੰ ਆਪਣੇ ਬੱਚਿਆਂ ਦੀ ਪੜ੍ਹਾਈ ਤੇ ਲਗਾਉਣਾ ਚਾਹੀਦਾ ਹੈ ਤਾ ਜੋ ਸਾਡੇ ਬੱਚੇ ਆਪਣਾ ਦ੍ਰਿਸ਼ਟੀਕੋਣ ਵਿਗਿਆਨਕ ਬਣਾਉਣ ਤੇ ਲੜਕੀਆਂ ਆਪਣੀ ਰੱਖਿਆ ਖ਼ੁੱਦ ਕਰਨ ਵਿੱਚ ਮਾਣ ਮਹਿਸੂਸ ਕਰਨ ਤੇ ਉਨ੍ਹਾਂ ਨੂੰ ਇਸ ਕਾਬਿਲ ਬਣਾਉਣਾ ਚਾਹੀਦਾ ਹੈ ਕਿ ਉਹ ਆਪਣੀ ਰੱਖਿਆ ਖ਼ੁੱਦ ਕਰ ਸਕਣ, ਨਾ ਕਿ ਇਸ ਪੰਜ ਰੁਪਏ ਦੇ ਧਾਗੇ ਸਹਾਰੇ ਆਪਣੀ ਰੱਖਿਆ ਦੀ ਉਮੀਦ ਕਿਸੇ ਤੋ ਕਰਨ !

**-ਇੰਜ: ਵਿਸ਼ਾਲ ਖਹਿਰਾ**
**ਵਾਸਤਵਿਕ ਕਲਮ ਤੋਂ**

## ਪੰਜਾਬੀ ਯੂਨੀਵਰਸਿਟੀ ਕੈਂਪਸ ਤਲਵੰਡੀ ਸਾਬੋ ਦੇ ਸਾਰੇ ਵਿਭਾਗਾਂ ਵੱਲੋਂ

# ਨਵੇਂ ਦਾਖਲ ਹੋਏ ਵਿਦਿਆਰਥੀਆਂ ਲਈ ਓਰੀਐਂਟੇਸ਼ਨ ਸੈਸ਼ਨਾਂ ਦਾ ਆਯੋਜਨ






**ਤਲਵੰਡੀ ਸਾਬੋ, 18 ਅਗਸਤ (ਗੁਰਜੰਟ ਸਿੰਘ ਨਥੇਹਾ)-** ਪੰਜਾਬੀ ਯੂਨੀਵਰਸਿਟੀ ਦੇ ਸਥਾਨਕ ਕੈਂਪਸ ਅਧੀਨ ਚੱਲ ਰਹੇ ਵੱਖ-ਵੱਖ ਵਿਭਾਗਾਂ ਵੱਲੋਂ ਸੈਸ਼ਨ 2024-25 ਲਈ ਨਵੇਂ ਦਾਖਲ ਹੋਏ ਵਿਦਿਆਰਥੀਆਂ ਲਈ ਓਰੀਐਂਟੇਸ਼ਨ ਸੈਸ਼ਨਾਂ ਦਾ ਆਯੋਜਨ ਕੈਂਪਸ ਡਾਇਰੈਕਟਰ ਪ੍ਰੋ. ਕਮਲਜੀਤ ਸਿੰਘ ਦੀ ਰਹਿਨੁਮਾਈ ਹੇਠ ਕਰਵਾਇਆ ਗਿਆ। ਬਿਜਨਸ ਸਟੱਡੀਜ਼ ਵਿਭਾਗ ਵੱਲੋਂ ਬੀ.ਕਾਮ ਅਤੇ ਬੀ.ਬੀ.ਏ. ਕਲਾਸਾਂ ਲਈ ਦੋ ਦਿਨ ਤੱਕ ਚੱਲੇ ਓਰੀਐਂਟੇਸ਼ਨ ਸੈਸ਼ਨਾਂ ਦੌਰਾਨ ਵਿਭਾਗ ਦੇ ਮੁਖੀ ਪ੍ਰੋਫ਼ੈਸਰ ਆਨੰਦ ਬਾਂਸਲ ਨੇ ਨਵੇਂ ਆਏ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹਨਾਂ ਵੱਲ਼ੋਂ ਆਪਣੇ ਬਚਪਨ ਅਤੇ ਸਕੂਲ ਦੌਰਾਨ ਗ੍ਰਹਿਣ ਕੀਤੀ ਗਈ ਨੈਤਿਕ ਸਿੱਖਿਆ ਉਹਨਾਂ ਦੇ ਜੀਵਨ ਵਿੱਚ ਸਫ਼ਲਤਾ ਗ੍ਰਹਿਣ ਕਰਨ ਦੇ ਫਲਸਫੇ ਦੀ ਮਹੱਤਵਪੂਰਨ ਕੁੰਜੀ ਹੈ। ਕੈਂਪਸ ਦੇ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਵੱਲੋਂ ਬੀ.ਟੈੱਕ., ਡਿਪਲੋਮਾ, ਬੀ.ਸੀ.ਏ., ਪੀ.ਜੀ.ਡੀ.ਸੀ.ਏ. ਅਤੇ ਡੀ.ਸੀ.ਏ. ਕੋਰਸਾਂ ਦੇ ਪਹਿਲੇ ਸਾਲ ਵਿੱਚ ਦਾਖਲ ਹੋਏ ਵਿਦਿਆਰਥੀਆਂ ਲਈ ਵੀ ਓਰੀਐਂਟੇਸ਼ਨ ਪ੍ਰੋਗਰਾਮ ਕਰਵਾਇਆ ਗਿਆ। ਇਸ ਮੌਕੇ ਵਿਭਾਗ ਦੇ ਮੁਖੀ, ਡਾ. ਸਿੰਪਲ ਜਿੰਦਲ ਨੇ ਵਿਦਿਆਰਥੀਆਂ ਆਖਿਆ ਕਿ ਕੈਂਪਸ ਵੱਲੋਂ ਲਗਾਤਾਰ ਅਕਾਦਮਿਕ ਯੋਗਤਾਵਾਂ ਨੂੰ ਵਧਾਉਣ ਦੇ ਨਾਲ-ਨਾਲ ਟੀਮ ਵਰਕ, ਅਨੁਕੂਲਤਾ, ਲੀਡਰਸ਼ਿਪ ਹੁਨਰ, ਆਤਮ-ਵਿਸ਼ਵਾਸ਼, ਪਰਸਪਰ-ਸਤਿਕਾਰ ਅਤੇ ਆਮ ਨੈਤਿਕ ਕਦਰਾਂ

ਆਵਾਜ਼ਿ ਕੌਮ AWAZE QAUM International Newspaper & WEB TV

ਕੀਮਤਾਂ ਉਜਾਗਰ ਕਰਨ ਵਰਗੇ ਗੁਣਾ ਦੇ ਵਿਕਾਸ ਲਈ ਉਚੇਚੇ ਤੌਰ 'ਤੇ ਯਤਨ ਕੀਤੇ ਜਾਂਦੇ ਹਨ। ਗੁਰੂ ਕਾਸ਼ੀ ਸੋਸ਼ਲ ਸਾਇੰਸਜ਼ ਅਤੇ ਭਾਸ਼ਾਵਾਂ ਵਿਭਾਗਾਂ ਨੇ ਸਾਂਝੇ ਤੌਰ 'ਤੇ ਬੀ ਏ ਭਾਗ ਪਹਿਲਾ ਦੇ ਵਿਦਿਆਰਥੀਆਂ ਦਾ ਔਰੀਇਨਟੇਸ਼ਨ ਪ੍ਰੋਗਰਾਮ ਕਰਵਾਇਆ। ਇਸ ਸ਼ੈਸ਼ਨ ਵਿੱਚ ਭਾਸ਼ਾਵਾਂ ਵਿਭਾਗ ਦੇ ਮੁਖੀ ਪ੍ਰੋ. ਕੁਮਾਰ ਸੁਸ਼ੀਲ ਨੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਦੇ ਮਹੱਤਵ ਬਾਰੇ ਦੱਸਿਆ। ਸੋਸ਼ਲ ਸਾਇੰਸਜ਼ ਵਿਭਾਗ ਦੇ ਮੁਖੀ ਡਾ. ਬਲਦੇਵ ਸਿੰਘ ਸ਼ੇਰਗਿੱਲ ਨੇ ਵਿਦਿਆਰਥੀ ਨੂੰ ਕਲਾਸਰੂਮ ਦੀ ਪੜ੍ਹਾਈ ਦੇ ਲਾਜ਼ਮੀ ਹੋਣ ਦੇ ਕਾਰਨਾਂ ਬਾਰੇ ਆਪਣੇ ਵਿਚਾਰ ਰੱਖੇ। ਉਹਨਾਂ ਨੇ ਕਿਹਾ ਕਿ ਚੰਗੇ ਸਮਾਜ ਦੀ ਸਿਰਜਣਾ ਲਈ ਇਸ ਕੈਂਪਸ ਵਿੱਚ ਜਾਤੀਵਾਦ, ਲਿੰਗਵਾਦ, ਨਸਲਵਾਦ ਤੋਂ ਉੱਪਰ ਉੱਠਕੇ ਵਿਚਰਨਾ ਪਹਿਲੀ ਸ਼ਰਤ ਹੈ। ਇਸੇ ਤਰਾਂ ਕੈਂਪਸ ਦੇ ਯਾਦਵਿੰਦਰਾ ਸਾਇੰਸਜ ਵਿਭਾਗ ਵੱਲੋਂ ਬੀ.ਐਸ.ਸੀ. ਕੋਰਸਾਂ ਦੇ ਪਹਿਲੇ ਸਾਲ ਵਿੱਚ ਦਾਖਲ ਹੋਏ ਵਿਦਿਆਰਥੀਆਂ ਲਈ ਓਰੀਐਂਟੇਸ਼ਨ ਸੈਸ਼ਨ ਦਾ ਆਯੋਜਨ ਕਰਵਾਇਆ ਗਿਆ। ਵਿਭਾਗ ਦੇ ਮੁਖੀ, ਡਾ.ਅੰਜੂ ਸੈਣੀ ਵੱਲੋਂ ਇਸ ਮੌਕੇ ਵਿਦਿਆਰਥੀਆਂ ਨੂੰ ਇਸ ਸੈਸ਼ਨ ਤੋਂ ਲਾਗੂ ਕੀਤੀ ਜਾ ਰਹੀ ਕੌਮੀ ਸਿੱਖਿਆ ਨੀਤੀ-2020 ਬਾਰੇ ਜਾਣਕਾਰੀ ਦਿੱਤੀ। ਫੈਕਲਟੀ ਵੱਲੋਂ ਇਸ ਮੌਕੇ ਵਿਦਿਆਰਥੀਆਂ ਨੂੰ ਇਸ ਕੈਂਪਸ ਦੇ ਗਠਨ, ਵਿਕਾਸ ਅਤੇ ਪੁਨਰਗਠਨ ਦੇ ਵੱਖ-ਵੱਖ ਪੜਾਵਾਂ ਦੀ ਜਾਣਕਾਰੀ ਦਿੰਦਿਆਂ ਇਸਦੇ ਭੂਗੋਲਿਕ, ਇਤਿਹਾਸਕ ਅਤੇ ਧਾਰਮਿਕ ਪਰਿਪੇਖ ਤੋਂ ਜਾਣੂ ਕਰਵਾਇਆ।

ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਹਿ ।।
ਘਲੇ ਆਵੇ ਨਾਨਕਾ ਸਦੇ ਉਠੀ ਜਾਏ ।।

# ਅੰਤਿਮ ਅਰਦਾਸ



## ਸਵ: ਸ੍ਰ: ਬਲਵਿੰਦਰ ਸਿੰਘ ਰੰਧਾਵਾ

ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ ਤੇ ਸੂਝਵਾਨ ਸਵ: ਸ੍ਰ: ਬਲਵਿੰਦਰ ਸਿੰਘ ਰੰਧਾਵਾ ਜਲਾਲਉਸਮਾ ਮਿਤੀ 10-08-2024 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰਖਵਾਏ ਗਏ ਸ੍ਰੀ ਸਹਿਜ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਮਿਤੀ 19-08-2024 ਦਿਨ ਸੋਮਵਾਰ ਨੂੰ ਗੁਰਦੁਆਰਾ ਚੇਲੇਆਣਾ ਸ਼ਹੀਦਾਂ ਸਾਹਿਬ ਮਹਿਸਮਪੁਰ ਨਜ਼ਦੀਕ ਰਈਆ ਰੋਡ ਵਿਖੇ 11:30 ਤੋਂ 1:00 ਵਜੇ ਤੱਕ ਹੋਵੇਗੀ ।ਆਪ ਜੀ ਨੇ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।

### -- : ਦੁੱਖੀ ਹਿਰਦੇ :--

ਪਿਤਾ ਸ, ਜਗੀਰ ਸਿੰਘ ਰੰਧਾਵਾ, ਭਰਾ ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਵਾਈਸ ਪ੍ਰਧਾਨ ਵਾਪਾਰ ਮੰਡਲ ਵਿੰਗ ਅੰਮ੍ਰਿਤਸਰ , ਪੀ ਏ ਸ੍ਰੀ ਵਿਨੀਤ ਵਰਮਾ, ਭਰਾ ਠੇਕੇਦਾਰ ਲਖਵਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਸੀਨੀਅਰ ਲੀਡਰ ਹਲਕਾ ਜੰਡਿਆਲਾ ਗੁਰੂ, ਪਤਨੀ ਕਵਲਜੀਤ ਕੌਰ, ਸਪੁੱਤਰ ਧਰਮਬੀਰ ਸਿੰਘ ਰੰਧਾਵਾ ਕਨੈਡਾ, ਨੂੰਹ ਸਨਦੀਪ ਕੌਰ ਕਨੈਡਾ, ਸਪੁੱਤਰ ਗੁਰਸਿਮਰਨ ਸਿੰਘ ਰੰਧਾਵਾ ਕਨੈਡਾ

**ਜਾਰੀ ਕਰਤਾ : ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ**
**ਮੋ. ਨੰ. 9501518154,7499310001**

## ਸਮੂਹ ਰੰਧਾਵਾ ਪਰਿਵਾਰ ਤੇ ਰਿਸ਼ਤੇਦਾਰ

## ਸਚਖੰਡ ਵਾਸੀ ਸੰਤ ਬਾਬਾ ਕਾਲਾ ਸਿੰਘ ਸੰਤ ਬਾਬਾ ਤੇਜਾ ਸਿੰਘ ਜੀ ਦੀ ਯਾਦ 'ਚ ਧਾਰਮਿਕ ਦੀਵਾਨ ਸਜਾਏ ਗਏ

# ਮਾਪੇ ਆਪਣੇ ਬੱਚਿਆਂ ਨੂੰ ਭੈੜੀ ਸੰਗਤ ਤੋਂ ਦੂਰ ਰੱਖਣ ਲਈ ਗੁਰੂ ਸੰਗਤਾਂ ਜ਼ਰੂਰ ਕਰਵਾਉਣ : ਬਾਬਾ ਸੁੱਖਾ ਸਿੰਘ



**ਜੰਡਿਆਲਾ ਗੁਰੂ 18 ਅਗਸਤ ( ਕੁਲਵੰਤ ਸਿੰਘ ਵਿਰਦੀ )**-ਅੱਜ ਤਪ ਅਸਥਾਨ ਸੰਤ ਬਾਬਾ ਗੁਰਬਖਸ਼ ਸਿੰਘ ਜੀ ਗੁਰਦੁਆਰਾ ਜੋਤੀਸਰ ਜੰਡਿਆਲਾ ਗੁਰੂ ਵਿਖੇ 108 ਬ੍ਰਹਮ ਗਿਆਨੀ ਸੰਤ ਬਾਬਾ ਗੁਰਬਖਸ਼ ਸਿੰਘ ਜੀ ਤੋਂ ਵਰਸੋਏ ਸਚਖੰਡ ਵਾਸੀ ਸੰਤ ਬਾਬਾ ਕਾਲਾ ਸਿੰਘ ਜੀ ਅਤੇ ਸੰਤ ਬਾਬਾ ਤੇਜਾ ਸਿੰਘ ਜੀ ਦੀ ਯਾਦ ਵਿੱਚ ਸਲਾਨਾ ਬਰਸੀ ਮਨਾਈ ਗਈ ਬਰਸੀ ਨੂੰ ਸਮਰਪਿਤ ਪਰਸੋਂ ਰੋਜ਼ ਤੋਂ ਆਰੰਭ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਅਤੇ ਭੋਗ ਤੋਂ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਜਿਸ ਵਿੱਚ 10 ਵਜ਼ੇ ਦੇ ਕਰੀਬ ਦੀਵਾਨ ਦੀ ਆਰੰਭਤਾ ਬੀਬੀਆਂ ਦੇ ਜਥੇ ਵੱਲੋਂ ਧੁਰ ਬਾਣੀ ਇਲਾਹੀ ਬਾਣੀ ਜੀ ਦੇ ਕੀਰਤਨ ਸਰਵਣ ਕਰਕੇ ਕੀਤੀ ਗਈ ਅਤੇ ਉਪਰੰਤ 11 ਵਜ਼ੇ ਦੇ ਕਰੀਬ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਜੀ ਤੋਂ ਭਾਈ ਬਲਰਾਜ ਸਿੰਘ, ਭਾਈ ਸੁਖਮਨਦੀਪ ਸਿੰਘ, ਭਾਈ ਰਣਜੀਤ ਸਿੰਘ ਵੱਲੋਂ ਸੰਗਤਾਂ ਨੂੰ ਗੁਰਬਾਣੀ ਜਸ ਸੁਣਾ ਕੇ ਗੁਰੂ ਚਰਨਾਂ ਨਾਲ ਜੋੜਿਆ ਗਿਆ ਅਤੇ ਉਪਰੰਤ 12 ਵਜੇ ਦੇ ਕਰੀਬ ਸ਼੍ਰੋਮਣੀ ਪ੍ਰਚਾਰਕ ਭਾਈ ਹਰਪ੍ਰੀਤ ਸਿੰਘ ਬਾਬਾ ਬਕਾਲਾ ਸਾਹਿਬ ਵਾਲਿਆਂ ਵੱਲੋਂ ਕਥਾ ਵੀਚਾਰਾਂ ਰਾਹੀਂ ਸੰਗਤਾਂ ਨਾਲ ਸਾਂਝ ਪਾਈ ਗਈ ਅਤੇ ਸੰਗਤਾਂ ਨੂੰ ਅੰਮ੍ਰਿਤ ਛਕ ਕੇ ਬਾਣੀ ਬਾਣੇ ਦੇ ਧਾਰਨੀ ਹੋਣ ਲਈ ਪ੍ਰੇਰਿਤ ਕੀਤਾ ਅਤੇ ਬੇਨਤੀ ਕੀਤੀ ਕਿ 19 ਅਗਸਤ ਦਿਨ ਸੋਮਵਾਰ ਨੂੰ ਬਾਬਾ ਬਕਾਲਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਹੋ ਰਿਹਾ ਜਿਨ੍ਹਾਂ ਪ੍ਰਾਣੀਆਂ ਅੰਮ੍ਰਿਤ ਨਹੀਂ ਛਕਿਆ ਉਹ ਸੰਗਤਾਂ ਅੰਮ੍ਰਿਤ ਬਾਟਾ ਛਕ ਕੇ ਗੁਰੂ ਵਾਲੇ ਬਣੋ ਸਮਾਪਤੀ ਮੌਕੇ ਗੁਰਦੁਆਰਾ ਜੋਤੀਸਰ ਜੰਡਿਆਲਾ ਗੁਰੂ ਅਤੇ ਜੋਤੀਸਰ ਸ਼ਿਮਲਾ ਹਿਮਾਚਲ ਪ੍ਰਦੇਸ਼ ਦੇ ਮੁੱਖ ਸੇਵਾਦਾਰ ਬਾਬਾ ਸੁੱਖਾ ਸਿੰਘ ਜੀ ਵੱਲੋਂ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ ਅਤੇ ਹੁਕਮਨਾਮੇ ਤੋਂ ਉਪਰੰਤ ਸੰਗਤਾਂ ਨੂੰ ਕੜਾਹ ਪ੍ਰਸ਼ਾਦਿ ਦੀਆਂ ਦੇਗਾਂ ਵਰਤਾਈਆਂ ਗਈਆਂ ਅਤੇ ਬਾਬਾ ਸੁੱਖਾ ਸਿੰਘ ਜੀ ਵੱਲੋਂ ਸਮੂਹ ਸੰਗਤਾਂ ਨੂੰ ਜੀ ਆਇਆਂ ਆਖਿਆ ਅਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਸੰਤ ਬਾਬਾ ਤੇਜਾ ਸਿੰਘ ਜੀ ਦੇ ਭਰਾ ਭਾਈ ਜਗੀਰ ਸਿੰਘ ਜੱਬੋਵਾਲ ਵਾਲਿਆਂ ਨੂੰ ਬਾਬਾ ਸੁੱਖਾ ਸਿੰਘ ਜੀ ਵੱਲੋਂ ਗੁਰੂ ਘਰ ਦੀ ਸਿਰਪਾਓ ਦੀ ਬਖਸ਼ੀਸ਼ ਦਿੱਤੀ ਗਈ। ਅੱਗੇ ਬਾਬਾ ਸੁੱਖਾ ਸਿੰਘ ਜੀ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਗੁਰੂ ਆਸ਼ੇ ਅਨੁਸਾਰ ਆਪਣਾ ਜੀਵਨ ਬਤੀਤ ਕਰੋ ਅਤੇ ਆਪਣੇ ਬੱਚਿਆਂ ਨੂੰ ਸੰਗਤ ਜ਼ਰੂਰ ਕਰਵਾਇਆ ਕਰਨ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਬੱਚੇ ਮਾੜੀ ਸੰਗਤ ਤੋਂ ਦੂਰ ਰਹਿ ਕੇ ਬਾਣੀ ਬਾਣੇ ਦੇ ਧਾਰਨੀ ਹੋ ਕਿ ਆਪਣਾ ਸੁਚੱਜਾ ਜੀਵਨ ਬਤੀਤ ਕਰਨ।

# ਪ੍ਰਜਾਪਤੀ ਬ੍ਰਾਹਮਕੁਮਾਰੀ ਵਿਦਿਆਲਿਆ ਧਵਨ ਕਲੋਨੀ ਫ਼ਿਰੋਜ਼ਪੁਰ ਵਿਖੇ ਮਨਾਇਆ ਰਖੜੀ ਦਾ ਤਿਉਹਾਰ



**ਫ਼ਿਰੋਜ਼ਪੁਰ, 18 ਅਗਸਤ (ਮਨੋਹਰ ਲਾਲ) :—** ਪ੍ਰਜਾਪਤੀ ਬ੍ਰਾਹਮਕੁਮਾਰੀ ਵਿਦਿਆਲਾ ਰਾਜਯੋਗ ਭਵਨ, ਧਵਨ ਫ਼ਿਰੋਜ਼ਪੁਰ ਫ਼ਿਰੋਜ਼ਪੁਰ ਵੱਲੋਂ ਹੋਟਲ ਗ੍ਰੈਂਡ ਵਿਲਾ ਵਿਚ ਭੈਣ—ਭਰਾ ਦੇ ਰਿਸ਼ਤੇ ਦਾ ਪ੍ਰਤੀਕ ਰੱਖੜੀ ਸਬੰਧੀ ਵਿਸ਼ੇਸ਼ ਸਮਾਰੋਹ ਕਰਵਾਇਆ ਗਿਆ, ਜਿਸ ਵਿਚ ਸੈਂਕੜਿਆਂ ਦੀ ਤਦਾਦ ਵਿਚ ਇਲਾਕਾ ਨਿਵਾਸੀਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸਤਿਕਾਰਯੋਗ ਰਾਜਯੋਗਿਨੀ ਪ੍ਰੇਮ ਦੀਦੀ ਪੰਜਾਬ ਜ਼ੋਨ ਇਨਚਾਰਜ, ਸਤਿਕਾਰਯੋਗ ਸਮਿਸ਼ਠਾ ਦੀਦੀ, ਸਚਲ ਦੀਦੀ, ਡਿੰਪਲ ਦੀਦੀ, ਪ੍ਰੀਤੀ ਦੀਦੀ, ਸੋਨੂੰ ਭੈਣ ਅਤੇ ਹੋਰ ਭੈਣਾਂ ਵੱਲੋਂ ਰੱਖੜੀ ਦੇ ਮਹੱਤਵ ਬਾਰੇ ਆਪਣੇ ਵਿਚਾਰ ਸਾਂਝੇ ਕਰਦਿਆਂ ਰੱਖੜੀ ਨੂੰ ਪ੍ਰਮਾਤਮਾ ਦਾ ਪਿਆਰ ਅਤੇ ਪਵਿੱਤਰ ਰਿਸ਼ਤਾ ਕਰਾਰ ਦਿੱਤਾ। ਇਸ ਮੌਕੇ ਰੱਖੜੀ ਦੀ ਮਹੱਤਤਾ ਨੂੰ ਉਜਾਗਰ ਕਰਦੇ ਵਿਚਾਰ ਸਾਂਝੇ ਕੀਤੇ ਗਏ, ਜਿਸ ਉਪਰੰਤ ਰੱਖੜੀ ਦਾ ਤਿਉਹਾਰ ਮਨਾਇਆ ਗਿਆ।

# ਥਾਣਾ ਜੰਡਿਆਲਾ ਦੀ ਪੁਲਿਸ ਵੱਲੋ 8 ਗੁੰਮ ਹੋਏ ਮੋਬਾਇਲ ਫੋਨ ਟਰੇਸ ਕਰਕੇ ਉਹਨਾ ਦੇ ਮਾਲਕਾਂ ਨੂੰ ਸੌਂਪੇ ਗਏ : ਮੁਖਤਿਆਰ ਸਿੰਘ




**ਜੰਡਿਆਲਾ ਗੁਰੂ, 18 ਅਗਸਤ ( ਕੁਲਵੰਤ ਸਿੰਘ ਵਿਰਦੀ)**-ਸ੍ਰੀ ਚਰਨਜੀਤ ਸਿੰਘ ਆਈ ਪੀ ਐਸ ਮਾਣਯੋਗ ਸੀਨੀਅਰ ਪੁਲਿਸ ਕਪਤਾਨ ਅੰਮ੍ਰਿਤਸਰ ਦਿਹਾਤੀ ਜੀ ਵੱਲੋ ਜਾਰੀ ਦਿਸ਼ਾ ਨਿਰਦੇਸ਼/ਹਦਾਇਤਾਂ ਦੀ ਪਾਲਣਾ ਕਰਦੇ ਹੋਏ ਅਤੇ ਸ੍ਰੀ ਰਵਿੰਦਰਪਾਲ ਸਿੰਘ PPS ਉਪ ਪੁਲਿਸ ਕਪਤਾਨ ਸਬ ਡਵੀਜਨ ਜੰਡਿਅਲਾ ਗੁਰੂ ਜੀ ਦੀ ਰਹਿਨੁਮਾਈ ਹੇਠ ਥਾਣਾ ਜੰਡਿਆਲਾ ਦੀ ਪੁਲਿਸ ਵੱਲੋ ਗੁੰਮ ਹੋਏ 8 ਮੋਬਾਇਲਾਂ ਨੂੰ ਸੀ ਈ ਆਈ ਆਰ ਪੋਰਟਲ ਅਤੇ ਟੈਕਨੀਕਲ ਸੈੱਲ ਅੰਮ੍ਰਿਤਸਰ ਦਿਹਾਤੀ ਦੀ ਮਦਦ ਨਾਲ ਟੈਕਨੀਕਲ ਢੰਗ ਨਾਲ ਟਰੇਸ ਕੀਤਾ ਗਿਆ ਅਤੇ ਟਰੇਸ ਹੋਏ ਮੋਬਾਇਲਾਂ ਨੂੰ ਉਹਨਾ ਦੇ ਅਸਲ ਮਾਲਕਾਂ ਦੇ ਹਵਾਲੇ ਕੀਤਾ ਗਿਆ। ਮੋਬਾਇਲ ਮਿਲਣ ਦੀ ਖੁਸੀ ਵਿਚ ਪਬਲਿਕ ਵੱਲੋਂ ਪੁਲਿਸ ਦਾ ਧੰਨਵਾਦ ਕੀਤਾ ਗਿਆ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਸਮੇ ਇੰਸਪੈਕਟਰ ਮੁਖਤਿਆਰ ਸਿੰਘ ਮੁੱਖ ਅਫਸਰ ਥਾਣਾ ਜੰਡਿਆਲਾ ਵਲੋਂ ਦੱਸਿਆ ਗਿਆ ਕਿ ਪਬਲਿਕ ਵੱਲੋਂ ਮਿਲਣ ਵਾਲੀਆਂ ਮੋਬਾਇਲ ਗੁੰਮ ਹੋਣ ਦੀਆਂ ਕੰਪਲੇਟਾਂ ਨੂੰ ਸੀ ਈ ਆਈ ਆਰ ਪੋਰਟਲ ਅਤੇ ਟੈਕਨੀਕਲ ਸੈੱਲ ਅੰਮ੍ਰਿਤਸਰ ਦਿਹਾਤੀ ਦੀ ਮਦਦ ਨਾਲ ਟਰੇਸ ਕਰਕੇ ਉਹਨਾ ਦੇ ਅਸਲ ਮਾਲਕਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ ਥਾਣਾ ਜੰਡਿਆਲਾ ਵਿਚ ਤਾਇਨਾਤ ਹੋਲਦਾਰ ਜਤਿੰਦਰ ਸਿੰਘ ਜੋ ਇਸ ਸਮੇ ਥਾਣਾ ਜੰਡਿਆਲਾ ਦੇ ਸੀ ਈ ਆਈ ਆਰ ਪੋਰਟਲ ਨੂੰ ਓਪਰੇਟ ਕਰਨ ਦੀ ਡਿਊਟੀ ਨਿਭਾ ਰਿਹਾ ਹੈ ਦੇ ਵੱਲੋ ਸਖਤ ਮਿਹਨਤ ਕਰਕੇ ਹੁਣ ਤੱਕ ਥਾਣਾ ਜੰਡਿਆਲਾ ਨਾਲ ਸਬੰਧੀ 36 ਗੁੰਮ ਹੋਏ ਮੋਬਾਇਲਾਂ ਨੂੰ ਅਤੇ ਥਾਣਾ ਤਰਸਿੱਕਾ ਨਾਲ ਸਬੰਧਤ 60 ਗੁੰਮ ਹੋਏ ਮੋਬਾਇਲਾਂ ਨੂੰ ਟਰੇਸ ਕੀਤਾ ਜਾ ਚੁੱਕਾ ਹੈ।

# ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਬਣਾਏ ਕਾਰਡ ਤੇ ਰਖੜੀਆਂ



**ਫ਼ਿਰੋਜ਼ਪੁਰ, 18 ਅਗਸਤ (ਮਨੋਹਰ ਲਾਲ) :—** ਰੱਖੜੀ ਦੇ ਸ਼ੁਭ ਦਿਹਾੜੇ ਨੂੰ ਦੇਖਦਿਆਂ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿਚ ਕਰਵਾਏ ਰੱਖੜੀ ਮੇਕਿੰਗ ਮੁਕਾਬਲੇ।ਮੋਗਾ ਰੋਡ 'ਤੇ ਸਥਿਤ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਜੋ ਕਿ ਚੇਅਰਮੈਨ ਡਾ: ਹੀਰਾ ਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੀ ਦੇਖ—ਰੇਖ ਹੇਠ ਚੱਲ ਰਿਹਾ ਹੈ, ਇਸ ਸਕੂਲ ਵਿੱਚ ਸ਼ਨੀਵਾਰ ਨੂੰ ਬੱਚਿਆਂ ਵਿੱਚ ਰੱਖੜੀ ਬਣਾਉਣ ਅਤੇ ਕਾਰਡ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲੇ ਵਿੱਚ ਲੜਕਿਆਂ ਨੇ ਆਪਣੀਆਂ ਭੈਣਾਂ ਦੇ ਕਾਰਡ ਬਣਾਏ ਅਤੇ ਲੜਕੀਆਂ ਨੇ ਆਪਣੇ ਭਰਾਵਾਂ ਲਈ ਰੱਖੜੀਆਂ ਤਿਆਰ ਕੀਤੀਆਂ। ਇਸ ਮੌਕੇ ਬੱਚਿਆਂ ਨੇ ਨਾ ਸਿਰਫ਼ ਕਾਰਡ ਅਤੇ ਰੱਖੜੀਆਂ ਬਣਾ ਕੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ, ਸਗੋਂ ਰੱਖੜੀ ਦੇ ਜ਼ਰੀਏ ਭੈਣ—ਭਰਾ ਦੇ ਪਿਆਰ ਅਤੇ ਇੱਕ—ਦੂਜੇ ਪ੍ਰਤੀ ਜ਼ਿੰਮੇਵਾਰੀ ਦਾ ਸੰਦੇਸ਼ ਵੀ ਦਿੱਤਾ। ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਦੱਸਿਆ ਕਿ ਅਜਿਹੇ ਮੁਕਾਬਲਿਆਂ ਨਾਲ ਬੱਚਿਆਂ ਵਿੱਚ ਕਲਾ ਅਤੇ ਕਰਾਫਟ ਦੀ ਸਮਝ ਵਧਦੀ ਹੈ, ਅਜਿਹੇ ਮੁਕਾਬਲੇ ਬੱਚਿਆਂ ਦਾ ਆਤਮ—ਵਿਸ਼ਵਾਸ ਵਧਾਉਂਦੇ ਹਨ, ਜੋ ਉਨ੍ਹਾਂ ਦੀ ਸਫ਼ਲਤਾ ਵਿੱਚ ਸਹਾਈ ਹੁੰਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਰੱਖੜੀ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਰੱਖੜੀ ਦਾ ਇਹ ਤਿਉਹਾਰ ਨਾ ਸਿਰਫ਼ ਭੈਣ—ਭਰਾ ਦੇ ਅਮਰ ਪਿਆਰ ਦਾ ਤਿਉਹਾਰ ਹੈ, ਸਗੋਂ ਇਹ ਸਾਨੂੰ ਪਰਿਵਾਰਕ ਕਦਰਾਂ—ਕੀਮਤਾਂ ਨਾਲ ਵੀ ਜੋੜਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




# pakistan gurdwara yatra

6th november to 16th november 2024
yatra includes 25+ gurudwara sahib darshan .Accommodation in hotels and travel within pakistan and yatra start to finish point in AC coaches

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1095**

Important Note: The Jatha will depart from Jalandhar Punjab from 6th November Jalandhar to 16th November 2024 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1095 pounds including visa, transport, hotel stay and break fast.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 6 ਨਵੰਬਰ ਜਲੰਧਰ ਤੋਂ 16 ਨਵੰਬਰ 2024 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ ।ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਸਮੇਤ 1095 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

# ਪਿੰਡ ਗੁਲਾਬਗੜ੍ਹ ਵਿਖੇ ਲਗਾਇਆ ਦਸਤਾਰ ਸਿਖਲਾਈ ਕੈਂਪ



**ਤਲਵੰਡੀ ਸਾਬੋ, 18 ਅਗਸਤ (ਗੁਰਜੰਟ ਸਿੰਘ ਨਥੇਹਾ)**- ਪਿੰਡ ਗੁਲਾਬਗੜ੍ਹ ਵਿਖੇ ਦਸਮੇਸ਼ ਕਲੱਬ ਵੱਲੋਂ ਪਿੰਡ ਦੀ ਪੰਚਾਇਤ ਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਦਸਤਾਰ ਸਿਖਲਾਈ ਕੈਂਪ ਗੁਰਦੁਆਰਾ ਸਾਹਿਬ ਵਿਖੇ ਲਗਾਇਆ ਗਿਆ। ਜਿਸ ਵਿੱਚ ਪਿੰਡ ਦੇ ਛੋਟੇ-ਛੋਟੇ ਬੱਚਿਆਂ ਨੇ ਭਾਗ ਲਿਆ। ਦਸਤਾਰ ਕੋਚ ਮਹਿਕਦੀਪ ਸਿੰਘ ਨੇ ਬੱਚਿਆਂ ਨੂੰ ਦਸਤਾਰ ਦੀ ਮਹੱਤਤਾ ਬਾਰੇ ਦੱਸਿਆ ਗਿਆ। ਬੱਚਿਆਂ ਨੇ ਇਸ ਕੈਂਪ ਦਾ ਲਾਭ ਲੈਂਦਿਆਂ ਪੂਰੇ ਉਤਸ਼ਾਹ ਸਿਰ 'ਤੇ ਦਸਤਾਰ ਸਜਾਉਣ ਦੀ ਸਿਖਲਾਈ ਲਈ। ਅੱਜ ਦਸਤਾਰ ਸਿਖਲਾਈ ਕੈਂਪ ਦਾ ਆਖਰੀ ਦਿਨ ਸਭ ਤੋਂ ਵਧੀਆ ਦਸਤਾਰ ਸਜਾਉਣ ਵਾਲੇ ਬੱਚਿਆਂ ਨੂੰ ਮੈਡਲ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਦਸਮੇਸ਼ ਕਲੱਬ ਦੇ ਪ੍ਰਧਾਨ ਗੁਰਦਿੱਤ ਸਿੰਘ, ਅਮਰਿੰਦਰ ਸਿੰਘ, ਸਤਵਿੰਦਰ ਸਿੰਘ ਸਿੱਧੂ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਖਜੀਤ ਸਿੰਘ ਖਾਲਸਾ ਤੇ ਪਿੰਡ ਦੇ ਸਰਪੰਚ ਬੂਟਾ ਸਿੰਘ ਗੁਰੂ ਘਰ ਦੇ ਗ੍ਰੰਥੀ ਸੁਖਚੈਨ ਸਿੰਘ ਖਾਲਸਾ, ਪਿੰਡ ਦੇ ਨੌਜਵਾਨ ਗੁਰਪ੍ਰੀਤ ਸਿੰਘ, ਮਨੀ, ਅਮਰਜੀਤ ਸਿੰਘ, ਮਹਿਕਦੀਪ ਸਿੰਘ, ਹੈਪੀ ਸਿੰਘ, ਦਿਲਪ੍ਰੀਤ ਸਿੰਘ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਇਲੈਕਟ੍ਰੋਹੋਮਿਓਪੈਥਿਕ ਡਾਕਟਰਜ਼ ਦੀ ਅਗਸਤ ਮਹੀਨੇ ਦੀ ਮੀਟਿੰਗ ਵਿੱਚ ਰਾਸ਼ਟਰੀ ਗੀਤ ਗਾ ਕੇ ਆਜ਼ਾਦੀ ਦਿਨ ਨੂੰ ਮਨਾਇਆ ਗਿਆ

# ਪੱਛਮੀ ਬੰਗਾਲ ਵਿੱਚ ਡਾਕਟਰ ਨਾਲ ਹੋਏ ਦੁਸ਼ਕਰਮ ਦੀ ਸਖਤ ਨਿਖੇਧੀ, ਦੋਸ਼ੀਆਂ ਨੂੰ ਮਿਲਣ ਸਖਤ ਸਜਾਵਾਂ - ਡਾ. ਸੇਖੋਂ



ਮੋਗਾ -(ਸੁਖਮੰਦਰ ਸਿੰਘ ਸ਼ਾਤ) ਇਲੈਕਟ੍ਰੋਹੋਮਿਓਪੈਥਿਕ ਡਾਕਟਰਜ਼ ਮੈਡੀਕਲ ਐਸੋਸੀਏਸ਼ਨ ਪੰਜਾਬ ਦੀ ਅਗਸਤ ਮਹੀਨੇ ਦੀ ਮੀਟਿੰਗ ਬੁੱਘੀਪੁਰਾ ਚੌਂਕ ਚੋਖਾਅੰਪਾਇਰ, ਮੋਗਾ ਵਿਖੇ ਹੋਈ। ਅੱਜ ਦੀ ਮੀਟਿੰਗ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ ਅਤੇ ਉੱਤਰਪ੍ਰਦੇਸ਼ ਤੋਂ 110 ਤੋਂ ਵੱਧ ਡਾਕਟਰਾਂ ਨੇ ਹਿੱਸਾ ਲਿਆ। ਇਸ ਮੀਟਿੰਗ ਵਿੱਚ ਹਿਮਾਚਲ ਇਲੈਕਟਰੋਮੋਪੈਥਿਕ ਡਾਕਟਰਜ਼ ਐਸੋਸੀਏਸ਼ਨ ਦੇ ਚੇਅਰਮੈਨ ਡਾ. ਸੁਰਿੰਦਰ ਠਾਕਰੁ ਜੀ ਮੁੱਖ ਮਹਿਮਾਨ ਦੇ ਤੌਰ ਤੇ ਪਹੁੰਚੇ। ਮੀਟਿੰਗ ਦੀ ਸ਼ੁਰੂਆਤ ਡਾ. ਜਗਜੀਤ ਸਿੰਘ ਗਿੱਲ ਨੇ ਕੀਤੀ ਜਿਸ ਵਿੱਚ ਉਹਨਾਂ ਨੇ ਆਜ਼ਾਦੀ ਦਿਨ ਨੂੰ ਮੁੱਖ ਰੱਖਦੇ ਹੋਏ ਸੁਤੰਤਰਤਾ ਸੰਗਰਾਮੀਆਂ ਨੂੰ ਯਾਦ ਕਰਦੇ ਹੋਏ ਉਹਨਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਉਪਰੰਤ ਸਾਰੇ ਡਾਕਟਰਾਂ ਵੱਲੋਂ ਰਾਸ਼ਟਰੀ ਗੀਤ ਗਾ ਕੇ ਆਜ਼ਾਦੀ ਦਿਨ ਮਨਾਇਆ ਗਿਆ। ਇਸ ਸਮੇਂ ਐਸੋਸੀਏਸ਼ਨ ਦੇ ਚੇਅਰਮੈਨ ਡਾ. ਜਗਤਾਰ ਸਿੰਘ ਸੇਖੋਂ ਵੱਲੋਂ ਬੀਤੇ ਦਿਨੀ ਪੱਛਮੀ ਬੰਗਾਲ ਵਿੱਚ ਮਹਿਲਾ ਡਾਕਟਰ ਨਾਲ ਹੋਏ ਦੁਸ਼ਕਰਮ ਦੀ ਸਖਤ ਨਿਖੇਧੀ ਕੀਤੀ ਉਹਨਾਂ ਸਰਕਾਰ ਨੂੰ ਬੇਨਤੀ ਕੀਤੀ ਕਿ ਇਸ ਦੇ ਸਬੰਧੀ ਸਾਰੇ ਦੋਸ਼ੀਆਂ ਨੂੰ ਸਖਤ ਸਜਾਵਾਂ ਮਿਲਣ ਤਾਂ ਜੋ ਅੱਗੇ ਤੋਂ ਇਸ ਤਰਾਂ ਦੀਆਂ ਹੋਰ ਘਟਨਾਵਾ ਨੂੰ ਰੋਕਿਆ ਜਾ ਸਕੇ। ਇਸ ਸਮੇਂ ਕੋਰ ਕਮੇਟੀ ਮੈਂਬਰ ਡਾ. ਮਨਪ੍ਰੀਤ ਸਿੰਘ ਨੇ ਆਜ਼ਾਦੀ ਦਿਨ ਦੇ ਸੰਬੰਧ ਵਿੱਚ ਆਪਣੇ ਵਿਚਾਰ ਪੇਸ਼ ਕੀਤੇ। ਮੀਟਿੰਗ ਦੌਰਾਨ ਮੁੱਖ ਮਹਿਮਾਨ ਡਾ. ਸੁਰਿੰਦਰ ਠਾਕਰ ਜੀ ਵੱਲੋਂ ਸਾਰੇ ਡਾਕਟਰਾਂ ਨੂੰ ਆਜ਼ਾਦੀ ਦਿਨ ਦੀਆਂ ਵਧਾਈਆਂ ਦਿੱਤੀਆਂ ਗਈਆਂ ਅਤੇ ਉਹਨਾਂ ਵੱਲੋਂ ਹਿਮਾਚਲ ਪ੍ਰਦੇਸ਼ ਦੇ ਧਰਮਾਸ਼ਾਲਾ ਵਿਖੇ ਆਈ. ਈ. ਆਰ. ਈ. ਵੱਲੋਂ ਚਲਾਏ ਜਾ ਰਹੇ ਇੰਸਟੀਚਿਊਟ ਸਬੰਧੀ ਜਾਣਕਾਰੀ ਦਿੱਤੀ। ਇਸ ਸਮੇਂ ਉਹਨਾਂ ਦੱਸਿਆ ਕਿ ਇਲੈਕਟ੍ਰੋਹੋਮਿਓਪੈਥੀ ਦੀ ਪੜ੍ਹਾਈ ਦਾ ਪਹਿਲਾ ਬੈਚ ਬਹੁਤ ਜਲਦ ਸ਼ੁਰੂ ਹੋ ਰਿਹਾ ਹੈ ਜਿਸ ਵਿੱਚ 40 ਸਟੂਡੈਂਟ ਦਾ ਪਹਿਲਾ ਬੈਚ ਹੋਵੇਗਾ। ਇਸ ਸਮੇਂ ਵੱਖ ਵੱਖ ਡਾਕਟਰਾਂ ਵੱਲੋਂ ਲੈਕਚਰ ਲਗਾਏ ਗਏ ਜਿੰਨਾ ਵਿੱਚ ਜਰਨਲ ਸਕੱਤਰ ਡਾ. ਪਰਮਿੰਦਰ ਕੁਮਾਰ ਪਾਠਕ ਦੁਆਰਾ ਇਲੈਕਟ੍ਰੋਹੋਮਿਓਪੈਥੀ ਦੀ ਕੈਨਸਰੋਸੋ 6 ਦਵਾਈ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਡਾ. ਜਗਪ੍ਰੀਤ ਸਿੰਘ ਖੋਖਰ ਵੱਲੋਂ ਦਿਮਾਗ ਨਾਲ ਸਬੰਧੀ ਆਪਣਾ ਲੈਕਚਰ ਪੇਸ਼ ਕੀਤਾ। ਚੇਅਰਮੈਨ ਡਾ ਜਗਤਾਰ ਸਿੰਘ ਸੇਖੋਂ ਵੱਲੋਂ ਸਰੀਰਕ ਮਾਸਪੇਸ਼ੀਆਂ ਦੇ ਗਈ। ਡਾ. ਕਮਲਜੀਤ ਕੌਰ ਸੇਖੋ ਵੱਲੋਂ ਇਲੈਕਟ੍ਰੋਹੋਮਿਓਪੈਥੀ ਦਵਾਈਆ ਵਿਚ ਵਰਤੇ ਜਾਣ ਵਾਲੇ ਦੋ ਪੌਦਿਆਂ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ। ਡਾ. ਅਵਤਾਰ ਸਿੰਘ ਵੱਲੋਂ ਜਨੇਊ ਰੋਗ ਦੇ ਸਬੰਧੀ ਕਾਰਨ ਅਤੇ ਇਲਾਜ ਬਾਰੇ ਦੱਸਿਆ ਇਸ ਸਮੇਂ ਮੀਟਿੰਗ ਵਿੱਚ ਪਹੁੰਚੇ ਹੋਏ ਵੱਖ ਵੱਖ ਡਾਕਟਰਾਂ ਵੱਲੋਂ ਆਪਣੇ ਕਲੀਨਿਕ ਤਜਰਬੇ ਸਾਂਝੇ ਕੀਤੇ ਗਏ ਜਿਸ ਡਾ. ਪ੍ਰਦੀਪ ਕੁਮਾਰ ਦੁਬਾਰਾ ਬੱਚਿਆਂ ਦੇ ਰੋਗ, ਡਾ. ਨਰੇਸ਼ ਭੰਡਾਰੀ ਵੱਲੋਂ ਅਧਰੰਗ ਰੋਗ ਡਾ. ਮੋਹਨ ਪਾਣੀਪਤ ਦੁਆਰਾ ਵਾਲਾਂ ਦਾ ਝੜਨਾ ਅਤੇ ਹੱਡੀਆਂ ਦੇ ਰੋਗ, ਡਾ. ਰਾਜੇਸ਼ ਸਿਰਸਾ ਵੱਲੋਂ ਸ਼ੂਗਰ ਅਤੇ ਕੰਨਾਂ ਦੇ ਰੋਗ, ਡਾ. ਐਸ ਕੇ ਕਟਾਰੀਆ ਵੱਲੋਂ ਜਿਗਰ ਦੇ ਰੋਗ ਸਬੰਧੀ ਜਾਣਕਾਰੀ ਦਿੱਤੀ ਗਈ ਅੰਤ ਵਿੱਚ ਪ੍ਰਧਾਨ ਡਾ. ਜਗਮੋਹਨ ਸਿੰਘ ਨੇ ਆਏ ਹੋਏ ਡਾਕਟਰਾਂ ਦਾ ਧੰਨਵਾਦ ਕੀਤਾ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਬੇਨਤੀ ਕੀਤੀ। ਇਸ ਸਮੇਂ ਮੀਟਿੰਗ ਵਿੱਚ ਡਾ. ਜਸਵਿੰਦਰ ਸਿੰਘ, ਡਾ. ਸ਼ਿੰਦਰ ਸਿੰਘ, ਡਾ. ਸਰਬਜੀਤ ਸਿੰਘ, ਡਾ. ਸੰਤੋਖ ਸਿੰਘ, ਡਾ. ਸ਼ਮਸ਼ੇਰ ਸਿੰਘ, ਡਾ. ਹਰਦੇਵ ਸਿੰਘ ਸੈਨੀ, ਡਾ. ਹਰਪ੍ਰੀਤ ਕੌਰ, ਡਾ. ਅਰਚਨਾ ਸ਼ਰਮਾ, ਡਾ. ਮਲਕੀਤ ਸਿੰਘ, ਡਾ. ਲਵਪ੍ਰੀਤ ਸਿੰਘ, ਡਾ. ਕਰਮਜੀਤ ਸਿੰਘ ਧਾਲੀਵਾਲ, ਡਾ. ਜਸਵੀਰ ਸ਼ਰਮਾ, ਡਾ. ਵਿਸ਼ਾਲ ਅਰੋੜਾ, ਡਾ. ਕੁਲਦੀਪ ਕੌਰ, ਡਾ. ਸੁਰੀ ਸ਼ਰਮਾ, ਡਾ. ਸੁਰੇਸ਼ ਸ਼ਰਮਾ, ਡਾ. ਕਿਰਪਾਲ ਸਿੰਘ, ਡਾ. ਗੁਰਮੀਤ ਸਿੰਘ, ਡਾ. ਮੋਹਨ ਸਿੰਘ, ਡਾ. ਜਸਵਿੰਦਰ ਸਿੰਘ ਗਿੱਲ, ਡਾ. ਕ੍ਰਿਸ਼ਨ ਸਿੰਘ ਕੈਰੇ, ਡਾ. ਚਮਕੌਰ ਸਿੰਘ, ਡਾ. ਸਤਾਰ ਮੁਹੰਮਦ, ਡਾ. ਰੋਬਿਨ ਅਰੋੜਾ, ਡਾ. ਰਾਜੇਸ਼ ਸਿਰਸਾ, ਡਾ. ਐਸ.ਕੇ. ਕਟਾਰੀਆ, ਡਾ. ਜਗਮੀਤ ਸਿੰਘ, ਡਾ. ਸੁਖਵਿੰਦਰ ਸਿੰਘ, ਡਾ. ਜੇਐਸ ਘਾਲੀ, ਡਾ. ਦਵਿੰਦਰ ਕੁਮਾਰ, ਡਾ. ਰਮੇਸ਼ ਕੁਮਾਰ, ਡਾ. ਰਵੀ, ਡਾ. ਰਵੀਦਾਸ, ਡਾ. ਸੁਮਨ ਲਤਾ, ਡਾ. ਤੇਜ ਪ੍ਰਕਾਸ਼ ਆਦਿ ਡਾਕਟਰਾਂ ਨੇ ਹਿੱਸਾ ਲਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਕਿਸਾਨ ਬਚਾਓ ਮੋਰਚਾ ਪੰਜਾਬ ਦੇ ਜਰਨਲ ਸੈਕਟਰੀ ਡਾ ਗੋਮਾ ਸਿੰਘ, ਬਲਵੀਰ ਸਿੰਘ ਨੇ ਆਪਣੇ ਘਰ ਕਰਵਾਇਆ ਸ਼ੁਕਰਾਨਾ ਸਮਾਗਮ

☛ ਵੱਖ-ਵੱਖ ਧਾਰਮਿਕ ਤੇ ਕਿਸਾਨ ਜਥੇਬੰਦੀਆਂ ਦੇ ਆਗੂ ਪਹੁੰਚੇ

☛ ਸਬ ਟਾਈਟਲ, ਬਾਬਾ ਸਤਨਾਮ ਸਿੰਘ ਵੱਲੀਆ ਨੇ ਸ਼੍ਰੋਮਣੀ ਕਮੇਟੀ ਦੀਆਂ ਬਣ ਰਹੀਆਂ ਵੋਟਾ ਨੂੰ ਬਣਾ ਲਈ ਸੰਗਤਾਂ ਨੂੰ ਕੀਤੀ ਅਪੀਲ











**ਫਿਰੋਜ਼ਪੁਰ, 18 ਅਗਸਤ (ਸੁਖਮੰਦਰ ਸਿੰਘ ਸ਼ਾਤ)**-ਅੱਜ ਡਾ,ਗੋਮਾ ਸਿੰਘ ਜਰਨਲ ਸੈਕਟਰੀ ਕਿਸਾਨ ਬਚਾਓ ਮੋਰਚਾ ਪੰਜਾਬ ਦੇ ਘਰ ਗੁਰੂ ਗ੍ਰੰਥ ਸਾਹਿਬ ਦੇ ਦਾ ਸ਼ੁਕਰਾਨਾ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਇੰਟਰਨੈਸ਼ਨਲ ਪੰਥਕ ਦਲ ਧਾਰਮਿਕ ਵਿੰਗ ਦੇ ਪੰ ਜਾਬ ਪ੍ਰਧਾਨ ਭਾਈ ਸਤਨਾਮ ਸਿੰਘ ਵੱਲੀਆ,ਤੇ ਕਿਸਾਨ ਬਚਾਓ ਮੋਰਚਾ ਦੇ ਪੰਜਾਬ ਪ੍ਰਧਾਨ ਕਿਰਪਾ ਸਿੰਘ ਨੱਥੂ ਵਾਲਾ ਤੇ ਹੋਰ ਧਾਰਮਿਕ,ਤੇ ਕਿਸਾਨ ਜਥੇਬੰਦੀਆਂ ਨੇ ਪਹੁੰਚ ਕੇ ਜੋ ਪਿੱਛਲੇ ਦਿਨੀ ਰਾਜੋ ਕੀ ਗੱਟੀ ਜ਼ਮੀਨ ਦੇ ਵਿਵਾਦ ਤੋ ਬਾਅਦ ਜੋ ਜ਼ਮੀਨ ਪਿੰਡ ਵਾਲਿਆਂ ਦੇ ਆਈ ਉਸ ਬਾਰੇ ਬਾਬਾ ਸਤਨਾਮ ਸਿੰਘ ਵੱਲੀਆ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਕੀਤਾ ਤੇ ਉੱਥੇ ਗੁਰਦੁਆਰਾ ਸਾਹਿਬ ਦੀ ਉਸਾਰੀ ਲਈ ਵੀ ਸੰਗਤਾਂ ਨੂੰ ਅਪੀਲ ਕੀਤੀ। ਕਿਸਾਨ ਵਿੰਗ ਦੇ ਪੰਜਾਬ ਪ੍ਰਧਾਨ ਕਿਰਪਾ ਸਿੰਘ ਨੇ ਬੋਲਦਿਆਂ ਕਿਹਾ ਕਿ ਸੰਗਤਾਂ ਵੱਧ ਤੋਂ ਵੱਧ ਜਥੇਬੰਦੀ ਇੰਟਰਨੈਸ਼ਨਲ ਪੰਥਕ ਦਲ ਦਾ ਸਾਥ ਦਿਉ ਤਾਂ ਜੋ ਆਪਾ ਸਿੱਖ ਮਸਲਿਆਂ ਨੂੰ ਹੱਲ ਕਰਵਾ ਸਕੀਏ।ਨਾਲ ਹੀ ਉਹਨਾਂ ਜਰਨਲ ਸੈਕਟਰੀ ਗੋਮਾ ਸਿੰਘ ਦੀਆਂ ਕੀਤੀਆਂ ਸੇਵਾਵਾਂ ਲਈ ਧੰਨਵਾਦ ਕੀਤਾ ਤੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਵੱਧ ਤੋਂ ਵੱਧ ਸਾਥ ਦੇਣ ਦੀ ਅਪੀਲ ਕੀਤੀ ਤੇ ਕੇ ਪਿਛਲੇਂ ਸਾਲ ਹੜਾ ਵਿੱਚ ਨੂੰ ਕੰਮ ਗੋਮਾ ਸਿੰਘ ਨੇ ਕੀਤਾ ਜਾ ਜੋ ਵੀ ਜਥੇਬੰਦੀ ਨੂੰ ਹੜਾ ਵਿੱਚ ਲੋਕਾਂ ਦੀ ਮੱਦਦ ਲਈ ਲਿਸਟਾ ਬਣਾ ਕੇ ਦਿੱਤੀਆਂ।ਉਸ ਲਈ ਗੋਮਾ ਸਿੰਘ ਦੀ ਹਿੰਮਤ ਨੂੰ ਸਲੋਟ ਕੀਤਾ ਤੇ ਸੰਗਤਾ ਨੂੰ ਵੱਧ ਚੜ ਕੇ ਡਾ ਗੋਮਾ ਸਿੰਘ ਦਾ ਸਾਥ ਦੇਣ ਲਈ ਕਿਹਾ ਤਾ ਜੋ ਬਾਡਰ ਏਰੀਏ ਦੇ ਲੋਕਾ ਦੀਆ ਮੁਸ਼ਿਕਲਾ ਦਾ ਹੱਲਾ ਕਰਵਾ ਸਕੀਏ।ਆਖਰ ਵਿੱਚ ਡਾ ਗੋਮਾ ਸਿੰਘ ਨੇ ਉਹਨਾ ਦੇ ਘਰ ਆਇਆ ਹੋਇਆ ਸੰਗਤਾ ਦਾ ਧੰਨਵਾਦ ਕੀਤਾ।ਇਸ ਸਮੇ ਉਹਨਾ ਨਾਲ ਹਾਜਰ ਸਨ,ਬਾਬਾ ਸਤਨਾਮ ਸਿੰਘ ਵੱਲੀਆ ਸੂਬਾ ਪ੍ਰਧਾਨ,ਕਿਰਪਾ ਸਿੰਘ ਨੱਥੂ ਵਾਲਾ ਸੂਬਾ ਪ੍ਰਧਾਨ ਕਿਸਾਨ ਵਿੰਗ, ਕੁਲਵੰਤ ਸਿੰਘ ਮਹਾਲਮ, ਗੁਰਨਾਮ ਸਿੰਘ ਮਹਾਲਮ ਮੀਤ ਪ੍ਰਧਾਨ ਕਿਸਾਨ ਵਿੰਗ ਮ, ਬਲਵੀਰ ਸਿੰਘ,ਮਲਕੀਤ ਸਿੰਘ, ਪਰਮਜੀਤ ਸਿੰਘ ਸਰਾਰੀ, ਸਰਬਜੀਤ ਸਿੰਘ ਵੱਲੀਆ,ਡਾ ਗੋਮਾ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਫਿਰੋਜ਼ਪੁਰ ਦੀ ਬਸਤੀ ਨਿਜਾਮਦੀਨ ਦੇ ਮਾਤਾ ਦੁਰਗਾ ਮੰਦਰ ਵਿੱਚ ਭਾਰਤੀ ਜਨਤਾ ਪਾਰਟੀ ਦੀ ਹੋਈ ਮੀਟਿੰਗ

## ਮੀਟਿੰਗ ਵਿੱਚ ਮੰਡਲ ਸ਼ਹਿਰੀ ਤੋ ਮਹਿਲਾ ਮੋਰਚਾ ਦੀ ਪ੍ਰਧਾਨ ਮੱਧੋ ਰਾਣੀ,ਤੇ ਵਾਇਸ ਪ੍ਰਧਾਨ ਗੁਰਮੀਤ ਕੌਰ ਨੂੰ ਨਿਯੁਕਤ ਕੀਤਾ ਗਿਆ

**ਫਿਰੋਜ਼ਪੁਰ, 17 ਅਗਸਤ (ਸੁਖਮੰਦਰ ਸਿੰਘ ਸ਼ਾਤ)**-ਅੱਜ ਇੱਕ ਮੀਟਿੰਗ ਬਸਤੀ ਨਿਜਾਮਦੀਨ ਫਿਰੋਜਪੁਰ ਸ਼ਹਿਰ ਦੇ ਦੁਰਗਾ ਮੰਦਿਰ ਵਿੱਚ ਸ਼੍ਰੀਮਤੀ ਰੂਨਾ ਰਾਜਪੂਤ ਜਿਲ੍ਹਾ ਪ੍ਰਧਾਨ ਮਹਿਲਾ ਮੋਰਚਾ ਭਾਜਪਾ ਦੀ ਰਹਿਨੁਮਾਈ ਹੇਠ ਰੱਖੀ ਗਈ ।ਜਿਸ ਵਿੱਚ ਮਹਿਲਾ ਮੋਰਚਾ ਭਾਜਪਾ ਫਿਰੋਜਪੁਰ ਜਿਲ੍ਹਾ ਅਤੇ ਮੰਡਲ ਸ਼ਹਿਰੀ ਦੀ ਟੀਮ ਵਿੱਚ ਵਾਧਾ ਕਰਦੇ ਹੋਏ ਜਿਲ੍ਹਾ ਭਾਜਪਾ ਪ੍ਰਧਾਨ ਸ ਸਮਸ਼ੇਰ ਸਿੰਘ ਕਾਕੜ ਅਤੇ ਰੂਨਾ ਰਾਜਪੂਤ ਜਿਲ੍ਹਾ ਪ੍ਰਧਾਨ ਮਹਿਲਾ ਮੋਰਚਾ ਭਾਜਪਾ ਅਤੇ ਮੰਡਲ ਸ਼ਹਿਰੀ ਪ੍ਰਧਾਨ ਸ਼੍ਰੀ ਦਵਿੰਦਰ ਨਾਰੰਗ ਜੀ ਨਾਲ ਸਲਾਹ ਮਸ਼ਵਰਾ ਕਰਕੇ ਮੰਡਲ ਸ਼ਹਿਰੀ ਮਹਿਲਾ ਮੋਰਚਾ ਦੀ ਪ੍ਰਧਾਨ ਮੱਧੋ ਰਾਣੀ ਅਤੇ ਜਿਲ੍ਹਾ ਵਾਇਸ ਪ੍ਰਧਾਨ ਭਾਜਪਾ ਮਹਿਲਾ ਮੋਰਚਾ ਗੁਰਮੀਤ ਕੌਰ ਨੂੰ ਨਿਯੁਕਤ ਕੀਤਾ ਗਿਆ । ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਸ ਸੁਰਜੀਤ ਸਿੰਘ ਸਦਰਦੀਨ ਸੀਨੀਅਰ ਭਾਜਪਾ ਆਗੂ , ਹਰਿੰਦਰ ਸਿੰਘ ਕੁੱਲ ਜਿਲ੍ਹਾ ਵਾਇਸ ਪ੍ਰਧਾਨ ਭਾਜਪਾ ਫਿਰੋਜਪੁਰ ,ਸੌਰਵ ਸ਼ਰਮਾਂ ਜਿਲ੍ਹਾ ਸੈਕਟਰੀ ਭਾਜਪਾ ਫਿਰੋਜਪੁਰ , ਸ਼ੇਖਰ ਵਸਤੀ ਨਿਜਾਮਦੀਨ ਵਾਇਸ ਪ੍ਰਧਾਨ ਮੰਡਲ ਸ਼ਹਿਰੀ , ਸੰਜੀਵ ਸ਼ਰਮਾਂ ਮੋਨੂੰ , ਸੁਖਚੈਨ ਸਿੰਘ ਜੋਧਪੁਰ, ਮੈਨਸੀ ਸਹੋਤਾ, ਅਤੇ ਮਨਜੀਤ ਕੌਰ ਸਾਬਕਾ ਐਮ ਸੀ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਉਹਨਾਂ ਨੇ ਨਵੇਂ ਬਣੇ ਅਹੁਦੇਦਾਰ ਨੂੰ ਵਧਾਈਆਂ ਦਿੱਤੀਆਂ ਤੇ ਪਾਰਟੀ ਦੇ ਕੰਮਾਂ ਨੂੰ ਵੱਧ ਚੜ੍ਹ ਕੇ ਕਰਨ ਲਈ ਪ੍ਰੇਰਿਆ।



ਆਵਾਜ਼ਿ ਕੌਮ AWAZE QAUM International Newspaper & WEB TV

**ਬਾਬਾ ਬਿਸਨ ਸਿੰਘ ਜੀ ਦੀ 75ਵੀਂ ਬਰਸੀ ਨੂੰ ਸਮਰਪਿਤ**

# ਗੁਰਮਤਿ ਸਮਾਗਮ ਕਰਵਾਇਆ ਗਿਆ



ਸ਼ੇਰਪੁਰ ( ਰਣਜੀਤ ਸਿੰਘ ਪੇਧਨੀ ) ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾਂ ਜੋਤੀ ਜੋਤਿ ਦਿਵਸ, ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਅਤੇ ਸੰਤ ਬਾਬਾ ਬਿਸ਼ਨ ਸਿੰਘ ਜੀ ਕਾਂਝਲੇ ਵਾਲਿਆਂ ਦੀ 75 ਵੀ ਬਰਸੀ ਨੂੰ ਸਮਰਪਿਤ 14,15,16 ਅਗਸਤ ਨੂੰ ਗੁਰਮਤਿ ਸਮਾਗਮ 16 ਅਗਸਤ ਨੂੰ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ ਜਿਸ ਵਿਚ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਗੁਰੂ ਕੀ ਕਾਸ਼ੀ ਤੋਂ ਪੰਜ ਪਿਆਰੇ ਸਹਿਬਾਨਾਂ ਨੇ 35 ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ ਗਿਆ ਇਸ ਮੌਕੇ ਬੀਬੀ ਸ਼ਰਨਜੀਤ ਕੌਰ ਕਿਲ੍ਹਾ ਹਕੀਮਾਂ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮੈਂਬਰ ਸਾਹਿਬ ਦੇ ਬੇਟੇ ਸ੍ਰ ਅਮਰੀਕ ਸਿੰਘ ਜੀ ,ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ ਦਰਸ਼ਨ ਸਿੰਘ ਜੀ,ਸ੍ਰ ਦਰਸ਼ਨ ਸਿੰਘ ਮੈਂਬਰ, ਮੈਨੇਜਰ ਸਾਹਿਬ ਸ੍ਰ ਮਲਕੀਤ ਸਿੰਘ, ਮੁੱਖ ਗ੍ਰੰਥੀ ਬਾਬਾ ਪਰਮਜੀਤ ਸਿੰਘ ਜੀ, ਗ੍ਰੰਥੀ ਬਾਬਾ ਕੁਲਦੀਪ ਸਿੰਘ ਜੀ , ਹਜ਼ੂਰੀ ਰਾਗੀ ਭਾਈ ਪਰਵਿੰਦਰ ਸਿੰਘ ਜੀ, ਸਮੂਹ ਸੰਗਤਾਂ, ਨਗਰ ਪੰਚਾਇਤ ਪਿੰਡ ਕਾਂਝਲਾ ਹਲਕਾ ਧੂਰੀ ਜ਼ਿਲ੍ਹਾ ਸ਼ੰਗਰੂਰ,ਇੰਚਾਰਜ ਸਾਹਿਬ ਸ੍ਰ ਭੋਲਾ ਸਿੰਘ ਜੀ ਸਬ ਆਫਿਸ ਧਰਮ ਪ੍ਰਚਾਰ ਕਮੇਟੀ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ) ਪ੍ਰਚਾਰਕ ਮੋਹਣ ਸਿੰਘ ਨਰਿੰਦਰ ਪੁਰਾ ਪ੍ਰਚਾਰਕ, ਦਰਸ਼ਨ ਸਿੰਘ ਬਰਨਾਲਾ ਕਵੀਸ਼ਰੀ ਜੀਵਨ ਸਿੰਘ ਘਰਾਚੋਂ ਹਾਜਰ ਸਨ।

# ਜੋਨਲ ਪੱਧਰ ਦੀਆਂ ਖੇਡਾਂ ਵਿੱਚ ਦਾਤਾ ਬੰਦੀ ਛੋੜ ਪਬਲਿਕ ਸਕੂਲ ਦੇ ਵਿਦਿਆਰਥੀ ਜੇਤੂ





ਚੌਕ ਮਹਿਤਾ18 ਅਗਸਤ ( ਬਾਬਾ ਸੁਖਵੰਤ ਸਿੰਘ ਚੰਨਣਕੇ ) ਭਾਈ ਗੁਰਇਕਬਾਲ ਸਿੰਘ ਅਤੇ ਭਾਈ ਅਮਨਦੀਪ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੇ ਦਾਤਾ ਬੰਦੀ ਛੋੜ ਪਬਲਿਕ ਸਕੂਲ, ਅੱਡਾ ਬਾਉਲੀ, ਰਾਮ ਤੀਰਥ ਰੋਡ, ਅੰਮ੍ਰਿਤਸਰ ਦੇ ਵਿਦਿਆਰਥੀਆਂ ਨੇ ਜੋਨਲ ਪੱਧਰ ਦੀਆਂ ਖੇਡਾਂ ਵਿੱਚ ਭਾਗ ਲਿਆ। ਇਨ੍ਹਾਂ ਖੇਡਾਂ ਵਿੱਚੋਂ ਕਰਾਟੇ ਦੀ ਖੇਡ ਵਿੱਚ ਕੁੜੀਆਂ ਅਤੇ ਮੁੰਡਿਆਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਨਾਲ ਉਨ੍ਹਾਂ ਦੀ ਜਿਲ੍ਹਾ ਪੱਧਰ ਦੀ ਚੋਣ ਹੋਈ। ਇਸੇ ਤਰ੍ਹਾਂ ਮੁੰਡਿਆਂ ਨੇ ਕ੍ਰਿਕਟ ਦੀ ਖੇਡ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ ਅਤੇ ਗਤਕੇ ਵਿੱਚੋਂ ਮੁੰਡਿਆਂ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ। ਕੁੜੀਆਂ ਨੇ ਫਿਰ ਮੱਲਾਂ ਮਾਰਦੇ ਹੋਏ ਵਾਲੀਬਾਲ ਦੀ ਖੇਡ ਵਿੱਚੋਂ ਦੂਜਾ ਸਥਾਨ ਹਾਸਿਲ ਕੀਤਾ ਅਤੇ ਇਹਨਾਂ ਦੀ ਵੀ ਜਿਲ੍ਹਾ ਪੱਧਰ ਦੀਆਂ ਖੇਡਾਂ ਵਾਸਤੇ ਚੋਣ ਹੋਈ। ਇਸ ਮੌਕੇ ਅੱਜ ਸਕੂਲ ਅਸੈਂਬਲੀ ਵਿੱਚ ਪ੍ਰਿੰਸੀਪਲ ਆਰਤੀ ਸੂਦ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਸਾਰੇ ਵਿਦਿਆਰਥੀਆਂ ਨੂੰ ਵੱਧ ਚੜ ਕੇ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਵਿਦਿਆਰਥੀਆਂ ਦਾ ਮਨੋਬਲ ਵੱਧਦਾ ਹੈ।ਸਕੂਲ ਦਾ ਸ਼ਾਨਦਾਰ ਨਤੀਜਾ ਵੇਖਦੇ ਹੋਏ ਚੇਅਰਮੈਨ ਭਾਈ ਅਮਨਦੀਪ ਸਿੰਘ ਨੇ ਸਤਿਗੁਰੂ ਜੀ ਦਾ ਸ਼ੁਕਰਾਨਾ ਕੀਤਾ। ਉਨ੍ਹਾਂ ਇਨ੍ਹਾਂ ਪ੍ਰਾਪਤੀਆਂ ਲਈ ਸਕੂਲ ਦੇ ਪ੍ਰਿੰਸੀਪਲ ਆਰਤੀ ਸੂਦ, ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।

**ਮਾਲਵਾ ਨਹਿਰ ਬਣਾ ਕੇ ਮੁੱਖ ਮੰਤਰੀ ਮਾਨ ਨੇ**

# ਮਾਲਵੇ ਦੇ ਕਿਸਾਨਾਂ ਦਾ ਦਿਲ ਜਿੱਤਿਆ: ਆਪ ਆਗੂ

**ਧੂਰੀ ( ਰਣਜੀਤ ਸਿੰਘ ਪੇਧਨੀ )** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਪੰਜਾਬ ਵਿੱਚ ਨਵੀ -ਮਾਲਵਾ ਨਹਿਰ ਬਨਾਉਣ ਦੇ ਦੂਰਅੰਦੇਸ਼ੀ ਫੈਸਲੇ ਨਾਲ ਸੂਬੇ ਵਿੱਚ ਲਗਭੱਗ ਦੋ ਲੱਖਾਂ ਏਕੜ ਜਮੀਨ ਦੀ ਸਿੰਜਾਈ ਵਿੱਚ ਮਦਦ ਮਿਲੇਗੀ। ਜਿਸ ਦੇ ਨਾਲ



ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਨੇ ਮਾਲਵੇ ਦੇ ਕਿਸਾਨਾਂ ਦਾ ਦਿਲ ਜਿੱਤਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਲਾਕ ਪ੍ਰਧਾਨ ਤੀਰਥ ਸਿੰਘ ਗਿੱਲ ਭੱਦਲਵੜ, ਸਰਪੰਚ ਗੁਰਦੀਪ ਸਿੰਘ ਸੁਲਤਾਨਪੁਰ, ਆਪ ਆਗੂ ਭੁਲਿੰਦਰ ਸਿੰਘ ਕਲੇਰਾਂ, ਆਪ ਆਗੂ ਸੁਖਵਿੰਦਰ ਸਿੰਘ ਫਰਵਾਹੀ ਅਤੇ ਰਣਜੀਤ ਸਿੰਘ ਧੰਦੀਵਾਲ ਪ੍ਰਮੁੱਖ ਉਮੀਦਵਾਰ ਬਲਾਕ ਸੰਮਤੀ ਜੋਨ ਧੰਦੀਵਾਲ ਨੇ ਸਾਂਝੇ ਤੌਰ ਤੇ ਕੀਤਾ । ਆਗੂਆਂ ਨੇ ਕਿਹਾ ਕਿ ਦੇਸ਼ ਦੀ ਅਜਾਦੀ ਤੋਂ ਬਾਅਦ ਪੰਜਾਬ ਵਿੱਚ ਇਹ ਪਹਿਲੀ ਵੱਡੀ ਮਾਲਵਾ ਨਹਿਰ ਬਨਣ ਨਾਲ ਮਾਲਵੇ ਦੇ ਸ੍ਰੀ ਮੁਕਤਸਰ ਸਾਹਿਬ, ਗਿੱਦੜਬਾਹਾ, ਫਾਜਲਿਕਾ, ਅਬੋਹਰ, ਸਠਿੰਡਾ, ਫਿਰੋਜ਼ਪੁਰ ਦੇ ਇਲਾਕਿਆ ਦੇ ਕਿਸਾਨਾਂ ਨੂੰ ਵੱਡਾ ਫਾਇਦਾ ਹੋਵੇਗਾ। ਆਗੂਆਂ ਨੇ ਕਿਹਾ ਕਿ ਨਵੀਂ ਮਾਲਵਾ ਨਹਿਰ149 ਕਿਲੋਮੀਟਰ ਲੰਬੀ, ਨਹਿਰ ਦੀ ਪ੍ਰਸਤਾਵਿਤ ਸਮਰਥਾ 2000 ਕਿਊਸਿਕ ਹੈ। ਇਸ ਦੇ ਬਨਾਉਣ ਤੇ ਤਕਰੀਬਨ 2300 ਕਰੋੜ ਰੁਪਏ ਦੀ ਲਾਗਤ ਖਰਚ ਹੋਵੇਗੀ ।

# ਅਜਾਦੀ ਦੇ 78ਵੇ ਸਵਤੰਤਰਤਾ ਦਿਵਸ ਮੌਕੇ ਅੰਮ੍ਰਿਤਸਰ ਹਵੇਲੀ ਗਰੁਪ ਵਲੋਂ ਮਨਾਇਆ ਗਿਆ ਅਜਾਦੀ ਦਿਹਾੜਾ



ਚੌਕ ਮਹਿਤਾ18 ਅਗਸਤ( ਬਾਬਾ ਸੁਖਵੰਤ ਸਿੰਘ ਚੰਨਣਕੇ ) ਦੇਸ਼ ਦੇ 78ਵੇ ਸਤੰਤਰਤਾ ਦਿਵਸ ਮੌਕੇ ਅੰਮ੍ਰਿਤਸਰ ਹਵੇਲੀ ਗਰੁਪ ਵਲੋ ਜਿਥੇ ਦੇਸ਼ ਦਾ 78ਵਾਂ ਸਵਤੰਤਰਤਾ ਦਿਵਸ ਮਨਾਉਣ ਮੌਕੇ ਦੇਸ਼ ਭਰ ਦੇ ਸਾਰੇ ਆਊਟਲੈਟ ਉਪਰ ਇਸ ਦਿਹਾੜੇ ਨੂੰ ਮਨਾਇਆ ਜਾ ਰਿਹਾ ਹੈ ਉਥੇ ਹੀ ਅੰਮ੍ਰਿਤਸਰ ਸਥਿਤ ਦਫਤਰ ਵਿਚ ਅੰਮ੍ਰਿਤਸਰ ਹਵੇਲੀ ਮੈਨੇਜਿੰਗ ਡਾਇਰੈਕਟਰ ਰਬਜੀਤ ਸਿੰਘ ਗਰੋਵਰ ਵਲੋ ਸਾਰੇ ਦੇਸ਼ ਵਾਸੀਆ ਨੂੰ ਇਸ ਅਜਾਦੀ ਦਿਹਾੜੇ ਦੀ ਵਧਾਈ ਦਿੱਤੀ ਗਈ ਇਸ ਸੰਬਧੀ ਜਾਣਕਾਰੀ ਦਿੰਦੇ ਅੰਮ੍ਰਿਤਸਰ ਹਵੇਲੀ ਗਰੁਪ ਦੇ ਮੈਨੇਜਿੰਗ ਡਾਇਰੈਕਟਰ ਰਬਜੀਤ ਸਿੰਘ ਗਰੋਵਰ ਨੇ ਦੱਸਿਆ ਕਿ ਦੇਸ਼ ਦੀ ਅਜਾਦੀ ਲਈ ਕਈ ਮਹਾਨ ਸਖਸ਼ੀਅਤਾ ਨੇ ਸ਼ਹੀਦੀ ਦਿਤੀ ਤਾਂ ਹੀ ਅਸੀ ਅਜਾਦ ਫਿਜ਼ਾਵਾਂ ਵਿਚ ਜੀਉ ਰਹੇ ਹਾਂ ਅਤੇ ਉਸ ਅਜਾਦੀ ਦਾ ਨਿਘਾ ਆਨੰਦ ਮਾਣ ਰਹੇ ਹਾਂ ਸੋਂ ਇਸ ਦਿਨ ਹਰ ਭਾਰਤੀ ਦਾ ਫਰਜ ਬਣਦਾ ਕਿ ਉਹ ਇਸ ਦਿਨ ਨੂੰ ਆਪਣੇ ਸਮਾਜ ਅਤੇ ਪਰਿਵਾਰ ਨਾਲ ਮਿਲਕੇ ਮਨਾਈਏ ਤਾਂ ਜੋ ਆਉਣ ਵਾਲੀ ਪੀੜੀਆ ਨੂੰ ਸਾਨੂੰ ਮਿਲੀ ਅਜਾਦੀ ਦੇ ਪਿਛੇ ਦਾ ਇਤਿਹਾਸ ਪਤਾ ਲਗ ਸਕੇ ਇਸੇ ਸੰਬਧ ਵਿਚ ਅਸੀ ਆਪਣੇ ਸਮੂਹ ਸਟਾਫ ਨਾਲ ਜਿਥੇ ਆਪਣੇ ਅੰਮ੍ਰਿਤਸਰ ਸਥਿਤ ਦਫਤਰ ਵਿਚ ਅਜਾਦੀ ਦੇ ਰੰਗਾ ਦੇ ਗੁਬਾਰੇ ਅਤੇ ਦੇਸ਼ ਦੇ ਝੰਡੇ ਲਗਾ ਇਸ ਦਿਹਾੜੇ ਨੂੰ ਮਨਾਇਆ ਹੈ ਅਤੇ ਦੇਸ਼ ਭਰ ਵਿਚ ਚਲਦੇ ਸਾਡੇ 40 ਆਊਟਲੈਟ ਉਪਰ ਵੀ ਇਸੇ ਤਰਾਂ ਸਜਾਵਟ ਕਰ ਗ੍ਰਾਹਕਾ ਨੂੰ ਅਜਾਦੀ ਦੇ 78ਵੇ ਦਿਹਾੜੇ ਦੀ ਵਧਾਈ ਦਿਤੀ ਜਾ ਰਹੀ ਹੈ ਅਤੇ ਗ੍ਰਾਹਕਾ ਨੂੰ ਅਪੀਲ ਹੈ ਕਿ ਉਹ ਵਧ ਚੜ ਕੇ ਇਸ ਅਜਾਦੀ ਦਿਹਾੜੇ ਮੌਕੇ ਅੰਮ੍ਰਿਤਸਰ ਹਵੇਲੀ ਦੇ ਹਰ ਆਊਟਲੈਟ ਤੇ ਪਹੁੰਚ ਸ਼ਵਾਦਿਸਟ ਖਾਣੇ ਦਾ ਆਨੰਦ ਮਾਨਣ।

# ਭਗਵੰਤ ਮਾਨ ਸਰਕਾਰ ਨੇ ਢਾਈ ਸਾਲਾਂ ਵਿੱਚ ਨੌਜਵਾਨਾਂ ਨੂੰ 44250 ਸਰਕਾਰੀ ਨੌਕਰੀਆਂ ਦਿੱਤੀਆਂ- ਆਪ ਆਗੂ



ਧੂਰੀ ( ਰਣਜੀਤ ਸਿੰਘ ਪੇਧਨੀ ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਦੇਣ ਲਈ ਵਚਨਬੱਧ ਹੈ। ਮਾਨ ਸਰਕਾਰ ਨੇ ਆਪਣੇ ਢਾਈ ਸਾਲ ਦੇ ਕਾਰਜਕਾਲ ਵਿੱਚ ਸੂਬੇ ਦੇ 44,250 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਕੇ ਨਵੇਂ ਮਾਪਦੰਡ ਸਿਰਜੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਕਰਮਜੀਤ ਸਿੰਘ ਕਾਂਝਲਾ, ਰਣਜੋਧ ਸਿੰਘ ਕਾਂਝਲਾ ਅਤੇ ਠੇਕੇਦਾਰ ਹਰਜਿੰਦਰ ਸਿੰਘ ਕਾਂਝਲਾ ਡਾਇਰੈਕਟਰ ਵੇਰਕਾ ਮਿਲਟ ਪਲਾਂਟ ਸੰਗਰੂਰ ਨੇ ਸਾਂਝੇ ਤੌਰ ਤੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਹ ਸਾਰੀਆਂ ਨਿਯੁਕਤੀਆਂ ਪੂਰੀ ਤਰ੍ਹਾਂ ਮੈਰਿਟ ਦੇ ਆਧਾਰ ਉੱਤੇ ਕੀਤੀਆਂ ਗਈਆਂ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਦਾ ਸ਼ੁਰੂ ਤੋਂ ਹੀ ਇੱਕੋ-ਇਕ ਏਜੰਡਾ ਰਿਹਾ ਹੈ ਕਿ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਉਣ ਦੇ ਨਾਲ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਦੇਣਾ ਹੈ ਅਤੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮਿਲਣ ਨਾਲ ਹਰ ਵਰਗ ਵਿੱਚ ਖ਼ੁਸ਼ੀ ਦੀ ਲਹਿਰ ਹੈ।

# ਪੰਜਾਬ ਸਰਕਾਰ ਸੂਬੇ ਦੀ ਉੱਨਤੀ ਅਤੇ ਖੁਸ਼ਹਾਲੀ ਲਈ ਗੰਭੀਰ ਨਹੀਂ ਹੈ : ਬਸੰਤ ਕੁਮਾਰ ਕਾਂਝਲਾ



**ਧੂਰੀ ( ਰਣਜੀਤ ਸਿੰਘ ਪੇਧਨੀ )**-ਕੇਂਦਰ ਸਰਕਾਰ ਨੇ ਪੰਜਾਬ ਵਿੱਚ ਅਮਨ ਕਾਨੂੰਨ ਦੀ ਮਾੜੀ ਸਥਿਤੀ ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਬੀਜੇਪੀ ਦੇ ਬਲਾਕ ਪ੍ਰਧਾਨ ਬਸੰਤ ਕੁਮਾਰ ਕਾਂਝਲਾ ਨੇ ਕਿਹਾ ਕਿ ਕੇਂਦਰੀ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਨੇ ਮੁੱਖ ਮੰਤਰੀ ਨੂੰ ਇੱਕ ਚਿੱਠੀ ਰਾਹੀਂ ਆਖਿਆ ਹੈ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਹਾਲਤ ਬਹੁਤ ਮਾੜੀ ਹੈ ਇਸ ਨੂੰ ਸੁਧਾਰਿਆ ਜਾਵੇ ਨਹੀਂ ਤਾਂ 14288 ਕਰੋੜ ਰੁਪਏ ਦੇ ਹੋਰ ਪ੍ਰੋਜੈਕਟ ਵੀ ਰੱਦ ਕਰ ਦਿੱਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਲੁਧਿਆਣਾ ਤੇ ਜਲੰਧਰ ਸਮੇਤ ਕਈ ਥਾਵਾਂ ਤੇ ਇਹਨਾਂ ਪ੍ਰੋਜੈਕਟਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪ੍ਰੰਤੂ ਸੂਬਾ ਸਰਕਾਰ ਨੇ ਇਸ ਸੰਬੰਧੀ ਚੁੱਪ ਧਾਰੀ ਹੋਈ ਹੈ। ਉਹਨਾਂ ਕਿਹਾ ਕਿ ਭਵਿੱਖ ਵਿੱਚ ਪੰਜਾਬ ਦੇ ਵਿਕਾਸ ਲਈ ਸੂਬਾ ਸਰਕਾਰ ਦੀ ਚੁੱਪ ਬਹੁਤ ਘਾਤਕ ਸਿੱਧ ਹੋਵੇਗੀ, ਕਿਉਂ ਕਿ ਕੇਂਦਰ ਸਰਕਾਰ ਕਿਸੇ ਵੀ ਕਿਸਮ ਦਾ ਜੋਖਮ ਨਹੀਂ ਉਠਾਉਣਾ ਚਾਹੁੰਦੀ। ਉਹਨਾਂ ਕਿਹਾ ਕਿ ਇੰਜ ਲੱਗਦਾ ਹੈ ਕਿ ਪੰਜਾਬ ਸਰਕਾਰ ਸੂਬੇ ਦੀ ਉੱਨਤੀ ਅਤੇ ਖੁਸ਼ਹਾਲੀ ਲਈ ਗੰਭੀਰ ਨਹੀਂ ਹੈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243